ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਵੀਰਵਾਰ, 1 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੧੮ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243


# ਬਰਤਾਨੀਆਂ ਦੇ ਦਰਜਨਾਂ ਸਿੱਖਾਂ ਦੀ ਜਾਨ ਖਤਰੇ 'ਚ !

■ 8 ਐਮਪੀ ਨੇ ਮੁਲਕ ਦੇ ਸੁਰੱਖਿਆ ਮੰਤਰੀ ਨਾਲ ਕੀਤੀ ਮੁਲਾਕਾਤ • ਪ੍ਰੀਤ ਕੌਰ ਗਿੱਲ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸਰਕਾਰ ਵਲੋਂ ਸਿੱਖ ਭਾਈਚਾਰੇ ਨੂੰ ਯਕੀਨ ਦਿਵਾਇਆ ਜਾਵੇ ਕਿ ....



ਨਵੀਂ ਦਿੱਲੀ 31 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਾ ਅਤੇ ਕੈਨੇਡਾ ਮਗਰੋਂ ਯੂ.ਕੇ. ਵਿਚ ਦਰਜਨਾਂ ਸਿੱਖਾਂ ਦੀ ਜਾਨ ਖਤਰੇ ਵਿਚ ਹੋਣ ਦਾ ਮਾਮਲਾ ਉਠਾਉਂਦਿਆਂ 8 ਐਮ.ਪੀਜ਼ ਨੇ ਮੁਲਕ ਦੇ ਸੁਰੱਖਿਆ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਜਵਾਬ ਮੰਗਿਆ ਕਿ ਖਤਰੇ ਦੀ ਜ਼ਦ ਵਿਚ ਆਏ ਸਿੱਖਾਂ ਦੀ ਸੁਰੱਖਿਆ ਵਾਸਤੇ ਕਿਹੋ ਜਿਹੇ ਪ੍ਰਬੰਧ ਕੀਤੇ ਜਾ ਰਹੇ ਹਨ। ਮੀਡੀਆ ਵਿਚ ਜਾਰੀ ਹੋਈ ਖ਼ਬਰ ਮੁਤਾਬਿਕ ਬਰਮਿੰਘਮ ਐਜਬੈਸਟਨ ਤੋਂ ਐਮ.ਪੀ. ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਸਿੱਖਾਂ ਦੀ ਜਾਨ ਖਤਰੇ ਵਿਚ ਹੋਣ ਬਾਰੇ ਜਾਣਕਾਰੀ ਬੇਹੱਦ ਗੰਭੀਰ ਹੈ ਅਤੇ ਉਹ ਸਿੱਖ ਸਭ ਤੋਂ ਜ਼ਿਆਦਾ ਚਿੰਤਤ ਹਨ ਜੋ ਕਦੇ ਕਿਸੇ ਸਰਗਰਮੀ ਵਿਚ ਸ਼ਾਮਲ ਨਹੀਂ ਹੋਏ। ਪਾਰਟੀ ਹੱਦਾਂ ਤੋਂ ਉਪਰ ਉਠ ਕੇ ਬਣੇ ਵਫਦ ਦੀ ਅਗਵਾਈ ਕਰਨ ਵਾਲੀ ਯੂਕੇ ਦੀ ਪਹਿਲੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਨਾਲ ਸਬੰਧਤ ਵੱਡੀ ਗਿਣਤੀ ਵਿਚ ਲੋਕ ਉਨ੍ਹਾਂ ਕੋਲ ਆ ਰਹੇ ਹਨ ਜਿਨ੍ਹਾਂ ਦੇ ਚਿਹਰੇ ਉਤੇ ਚਿੰਤਾ ਸਾਫ ਨਜ਼ਰ ਆਉਂਦੀ ਹੈ। ਪ੍ਰੀਤ ਕੌਰ ਗਿੱਲ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸਰਕਾਰ ਵਲੋਂ ਸਿੱਖ ਭਾਈਚਾਰੇ ਨੂੰ ਯਕੀਨ ਦਿਵਾਇਆ ਜਾਵੇ ਕਿ ਯੂ.ਕੇ.ਸਰਕਾਰ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਧਮਕੀਆਂ ਨਾਲ ਅਸਰਦਾਰ ਤਰੀਕੇ ਨਾਲ ਨਜਿੱਠਿਆ ਜਾ ਰਿਹਾ ਹੈ। ਆਪੋ ਆਪਣੇ ਹਲਕਿਆਂ ਵਿਚ ਸਿੱਖਾਂ ਦੀ ਜ਼ਿਕਰਯੋਗ ਆਬਾਦੀ ਵਾਲੇ 8 ਸੰਸਦ ਮੈਂਬਰਾਂ ਨੇ ਸੁਰੱਖਿਆ ਮੰਤਰੀ ਟੌਮ ਟੁਗੈਨਧਾਤ ਨੂੰ ਅਪੀਲ ਕੀਤੀ ਕਿ ਉਹ ਸਥਾਨਕ ਲੋਕਾਂ ਵਿਚ ਜਾ ਕੇ ਹਾਲਾਤ ਬਾਰੇ ਸਪੱਸ਼ਟੀਕਰਨ ਪੇਸ਼ ਕਰਨ। ਦੂਜੇ ਪਾਸੇ ਯੂ.ਕੇ. ਸਰਕਾਰ ਦੇ ਇਕ ਬੁਲਾਰੇ ਨੇ ਕਿਹਾ ਕਿ ਸੰਭਾਵਤ ਖਤਰਿਆਂ ਬਾਰੇ ਲਗਾਤਾਰ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਮੁਲਕ ਦੇ ਲੋਕਾਂ ਨੂੰ ਉਨ੍ਹਾਂ ਦੇ ਹੱਕ, ਆਜ਼ਾਦੀ ਅਤੇ ਸੁਰੱਖਿਆ ਯਕੀਨੀ ਤੌਰ 'ਤੇ ਮੁਹੱਈਆ ਕਰਵਾਈ ਜਾਵੇਗੀ। ਬੁਲਾਰੇ ਨੇ ਅੱਗੇ ਕਿਹਾ ਕਿ ਯੂ.ਕੇ. ਵਿਚ ਵੰਨ ਸੁਵੰਨੇ ਸਭਿਆਚਾਰਕ ਪਿਛੋਕੜ ਵਾਲੇ ਲੋਕ ਵਸਦੇ ਹਨ ਅਤੇ ਸਾਡੇ ਸਮਾਜ ਨੂੰ ਮਜ਼ਬੂਤ ਬਣਾਉਣ ਵਿਚ ਸਿੱਖਾਂ ਦਾ ਵੱਡਾ ਯੋਗਦਾਨ ਹੈ।


ਆਵਾਜ਼ਿ ਕੌਮ AWAZE QAUM International Newspaper & WEB TV


Exclusive News

## 2 ਫਰਵਰੀ ਨੂੰ 'ਆਪ' ਦਾ ਵੱਡਾ ਪ੍ਰਦਰਸ਼ਨ, ਸੀਐਮ ਕੇਜਰੀਵਾਲ ਅਤੇ ਭਗਵੰਤ ਮਾਨ ਹੋਣਗੇ ਸ਼ਾਮਲ



ਚੰਡੀਗੜ੍ਹ, 31 ਜਨਵਰੀ (ਆਵਾਜ਼ਿ ਕੌਮ ਬਿਊਰੋ)- ਹਾਲ ਹੀ ਵਿੱਚ ਚੰਡੀਗੜ੍ਹ ਵਿੱਚ ਮੇਅਰ ਦੀ ਚੋਣ ਨਤੀਜਿਆਂ ਵਿੱਚ ਹੋਈ ਧਾਂਦਲੀ ਦੇ ਖਿਲਾਫ ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। 'ਆਪ' ਵੱਲੋਂ 2 ਫਰਵਰੀ ਨੂੰ ਦਿੱਲੀ 'ਚ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਪ੍ਰਦਰਸ਼ਨ ਭਾਜਪਾ ਹੈੱਡਕੁਆਰਟਰ ਦੇ ਬਾਹਰ ਹੋਵੇਗਾ। ਜਿਸ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸ਼ਾਮਲ ਹੋਣਗੇ। ਇੱਥੇ ਤੁਹਾਨੂੰ ਦੱਸਣਾ ਬਣਦਾ ਹੈ ਕਿ ਚੰਡੀਗੜ੍ਹ ਦੇ ਮੇਅਰ ਦੀ ਚੋਣ ਲਈ ਮੰਗਲਵਾਰ ਨੂੰ ਵੋਟਿੰਗ ਹੋਈ। ਵੋਟਾਂ ਪੈਣ ਤੋਂ ਬਾਅਦ ਗਿਣਤੀ ਹੋਈ ਅਤੇ ਪ੍ਰੀਜ਼ਾਈਡਿੰਗ ਅਫ਼ਸਰ ਅਨਿਲ ਮਸੀਲ ਨੇ ਚੋਣ ਨਤੀਜਿਆਂ ਦਾ ਐਲਾਨ ਵੀ ਕੀਤਾ। ਭਾਜਪਾ ਉਮੀਦਵਾਰ ਮਨੋਜ ਸੋਨਕਰ ਨੂੰ ਜੇਤੂ ਐਲਾਨਿਆ ਗਿਆ। ਮੇਅਰ ਦੀ ਚੋਣ ਲਈ ਕੁੱਲ 36 ਵੋਟਾਂ ਪਈਆਂ। ਇਨ੍ਹਾਂ ਵਿੱਚੋਂ ਭਾਜਪਾ ਦੇ ਹੱਕ ਵਿੱਚ 16 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ 12 ਵੋਟਾਂ ਪਈਆਂ। ਤਕਨੀਕੀ ਖਾਮੀਆਂ ਕਾਰਨ ਅੱਠ ਵੋਟਾਂ ਨੂੰ ਰੱਦ ਕਰ ਦਿੱਤਾ ਗਿਆ। 'ਆਪ' ਅਤੇ ਕਾਂਗਰਸ ਨੇ ਇਸ ਦਾ ਵਿਰੋਧ ਕੀਤਾ ਅਤੇ ਦੋਹਾਂ ਪਾਰਟੀਆਂ ਨੇ ਭਾਜਪਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਸ ਦੇ ਨਾਲ ਹੀ ਕਾਰਵਾਈ ਲਈ ਸੁਪਰੀਮ ਕੋਰਟ ਦਾ ਰੁੱਖ ਕਰਨ ਦਾ ਵੀ ਐਲਾਨ ਕਰ ਦਿੱਤਾ ਹੈ। ਉੱਥੇ ਹੀ ਤੁਹਾਨੂੰ ਦੱਸ ਦਈਏ ਕਿ ਅੱਜ ਬੁੱਧਵਾਰ ਨੂੰ ਈਡੀ ਵਲੋਂ ਅਰਵਿੰਦ ਕੇਜਰੀਵਾਲ ਨੂੰ ਪੰਜਵੀਂ ਵਾਰ ਸੰਮਨ ਜਾਰੀ ਕੀਤਾ ਗਿਆ ਹੈ ਅਤੇ 2 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।

## ਪੰਜਾਬ 'ਚ ਮੌਸਮ ਨੇ ਬਦਲਿਆ ਮਿਜਾਜ਼, ਸ਼ੁਰੂ ਹੋਇਆ ਬਾਰਿਸ਼ ਦਾ ਦੌਰ

ਜਲੰਧਰ, 31 ਜਨਵਰੀ (ਆਵਾਜ਼ਿ ਕੌਮ ਬਿਊਰੋ)- ਪੋਹ-ਮਾਘ ਦੀ ਹੱਡ ਚੀਰਵੀਂ ਠੰਡ ਅਤੇ ਸੰਘਣੀ ਧੁੰਦ ਮਗਰੋਂ ਹੁਣ ਮੌਸਮ ਨੇ ਇਕ ਵਾਰ ਫਿਰ ਮਿਜਾਜ਼ ਬਦਲਿਆ ਹੈ। ਪੰਜਾਬ ਦੇ ਜਲੰਧਰ ਜ਼ਿਲ੍ਹੇ ਸਮੇਤ ਕਈ ਇਲਾਕਿਆਂ 'ਚ ਬਾਰਿਸ਼ ਹਲਕੀ ਬਾਰਿਸ਼ ਸ਼ੁਰੂ ਹੋਈ। ਬੀਤੀ ਰਾਤ ਤੋਂ ਹੀ ਹੋਈ ਬੱਦਲਵਾਈ ਦੌਰਾਨ ਅੱਜ ਸਵੇਰੇ ਤੜਕਸਾਰ ਹੀ ਇਲਾਕੇ ਵਿੱਚ ਹੋਈ ਹਲਕੀ ਬਾਰਿਸ਼ ਨਾਲ ਹੁਣ ਮੀਂਹ ਦਾ ਦੌਰ ਸ਼ੁਰੂ ਹੋਇਆ। ਬੇਸ਼ਕ ਪਿਛਲੇ ਕੁਝ ਦਿਨਾਂ ਵਿੱਚ ਖਿੜ੍ਹੀ ਹੋਈ ਤਿੱਖੀ ਧੁੱਪ ਨੇ ਪਿਛਲੇ ਕਈ ਦਿਨਾਂ ਤੋਂ ਠੰਡ ਕਾਰਨ ਪ੍ਰਭਾਵਿਤ ਆਮ ਜਨ ਜੀਵਨ ਨੂੰ ਵੱਡੀ ਰਾਹਤ ਦਿੱਤੀ ਸੀ ਪਰ ਇਸ ਦੇ ਬਾਵਜੂਦ ਵੀ ਤੜਕ ਸਾਰ ਸੰਘਣੀ ਧੁੰਦ ਦਾ ਦੌਰ ਜਾਰੀ ਸੀ ਅਤੇ ਬੀਤੀ 31 ਜਨਵਰੀ ਨੂੰ ਵੀ ਸਵੇਰ ਸਮੇਂ ਪਈ ਸੰਘਣੀ ਧੁੰਦ ਕਾਰਨ ਲੋਕਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਜ਼ੀਰੋ ਵਿਜ਼ੀਬਿਲਟੀ ਦੇ ਚਲਦਿਆਂ ਵਾਹਨ ਚਾਲਕਾਂ ਨੂੰ ਵੀ ਘੱਟ ਰਫ਼ਤਾਰ ਵਿੱਚ ਹੀ ਡਰਾਈਵਿੰਗ ਕਰਨ ਲਈ ਮਜਬੂਰ ਹੋਣਾ ਪਿਆ। ਮੌਸਮ ਵਿਭਾਗ ਵੱਲੋਂ ਕਰੀਬ 1 ਫਰਵਰੀ ਤੋਂ ਲੈ ਕੇ 8 ਫਰਵਰੀ ਤੱਕ ਪੰਜਾਬ ਵਿੱਚ ਬਾਰਿਸ਼ ਦਾ ਰੈੱਡ ਅਲਰਟ ਜਾਰੀ ਕੀਤਾ ਹੋਇਆ ਹੈ ਜਿਸ ਕਾਰਨ ਦਰਮਿਆਨੀ ਤੋਂ ਭਾਰੀ ਬਾਰਿਸ਼ ਦਾ ਅਨੁਮਾਨ ਹੈ।

## ਮਜੀਠੀਆ ਨੇ ਕੇਜਰੀਵਾਲ ਸਾਹਮਣੇ ਸ਼ਰਤ ਰੱਖ ਕੀਤਾ ਸਿਆਸਤ ਛੱਡਣ ਦਾ ਐਲਾਨ !

ਅੰਮ੍ਰਿਤਸਰ, 31 ਜਨਵਰੀ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ਨੇ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸਾਹਮਣੇ ਸ਼ਰਤ ਰੱਖ ਸਿਆਸਤ ਛੱਡਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕੇਜਰੀਵਾਲ ਦੀਆਂ ਕੇਂਦਰ ਸਰਕਾਰ ਸਾਹਮਣੇ ਪੰਜ ਮੰਗਾਂ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਜੇਕਰ ਇਹੀ ਮੰਗਾਂ ਪੰਜਾਬ ਵਿੱਚ ਪੂਰੀਆਂ ਕਰ ਦਿਓ ਤਾਂ ਉਹ ਵੀ ਸਿਆਸਤ ਛੱਡ ਦੇਣਗੇ। ਮਜੀਠੀਆ ਨੇ ਕੇਜਰੀਵਾਲ ਦੀਆਂ ਕੇਂਦਰ ਤੋਂ ਮੰਗਾਂ ਸ਼ੇਅਰ ਕਰਦਿਆਂ ਕਿਹਾ ਕਿ ਤੁਸੀਂ ਇਹੀ ਮੰਗਾਂ ਪੰਜਾਬ ਵਿੱਚ ਪੂਰੀਆਂ ਕਰਦੋ ਅਰਵਿੰਦ ਕੇਜਰੀਵਾਲ ਜੀ। ਦਾਸ ਵੀ ਸਿਆਸਤ ਛੱਡ ਦੇਵੇਗਾ। ਇਨ੍ਹਾਂ ਪੰਜ ਮੰਗਾਂ ਵਿੱਚ ਸਿੱਖਿਆ ਪ੍ਰਣਾਲੀ ਠੀਕ ਕਰਨਾ, ਸਭ ਲਈ ਚੰਗੇ ਇਲਾਜ ਦਾ ਪ੍ਰਬੰਧ ਕਰਨਾ, ਮਹਿੰਗਾਈ ਨੂੰ ਘਟਾਉਣਾ, ਹਰੇਕ ਨੌਜਵਾਨ ਨੂੰ ਰੁਜ਼ਗਾਰ ਦੇਣਾ ਤੇ ਗਰੀਬਾਂ ਨੂੰ ਮੁਫਤ ਬਿਜਲੀ ਤੇ ਸਭ ਨੂੰ 24 ਘੰਟੇ ਬਿਜਲੀ ਦੇਣਾ ਸ਼ਾਮਲ ਹੈ। ਦਰਅਸਲ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕੇਂਦਰ ਅੱਗੇ 5 ਮੰਗਾਂ ਰੱਖੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਇਹ ਪੰਜ ਮੰਗਾਂ ਪੂਰੀਆਂ ਕਰਦੀ ਹੈ ਤਾਂ ਉਹ ਰਾਜਨੀਤੀ ਛੱਡ ਦੇਣਗੇ। ਬਿਕਰਮ ਮਜੀਠੀਆ ਨੇ ਇਨ੍ਹਾਂ 5 ਮੰਗਾਂ ਨੂੰ ਲੈ ਕੇ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਆੜੇ ਹੱਥੀਂ ਲਿਆ ਹੈ। ਕੇਜਰੀਵਾਲ ਦੇ ਇਸ ਬਿਆਨ ਤੋਂ ਬਾਅਦ ਹੁਣ ਬਿਕਰਮ ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਚੁਟਕੀ ਲਈ ਹੈ। ਬਿਕਰਮ ਮਜੀਠੀਆ ਨੇ ਕਿਹਾ ਕਿ ਜੇਕਰ ਅਰਵਿੰਦ ਕੇਜਰੀਵਾਲ ਪੰਜਾਬ ਵਿੱਚ ਇਹੀ ਮੰਗਾਂ ਪੂਰੀਆਂ ਕਰਦੇ ਹਨ ਤਾਂ ਦਾਸ ਵੀ ਰਾਜਨੀਤੀ ਛੱਡ ਦੇਣਗੇ। ਦਰਅਸਲ ਪੰਜਾਬ ਸਰਕਾਰ ਵੱਲੋਂ ਬਿਕਰਮ ਮਜੀਠੀਆ ਖਿਲਾਫ ਦਰਜ ਕੀਤੇ ਗਏ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਲਈ ਉਨ੍ਹਾਂ ਨੂੰ ਪਿਛਲੇ ਡੇਢ ਮਹੀਨੇ ਤੋਂ ਹਰ ਨੋਟਿਸ 'ਤੇ ਪਟਿਆਲਾ 'ਚ ਐਸਆਈਟੀ ਸਾਹਮਣੇ ਪੇਸ਼ ਹੋਣਾ ਪੈ ਰਿਹਾ ਹੈ।

## ਦੀਪ ਸਿੱਧੂ ਦੀ ਬਰਸੀ ਮਨਾਉਣ ਵਾਲੇ ਸਿੱਖਾਂ 'ਤੇ ਝੂਠੇ ਕੇਸ ਦਰਜ ਕਰਕੇ ਹਰਿਆਣਾ ਸਰਕਾਰ ਤੇ ਅਦਾਲਤਾਂ ਕਰ ਰਹੀਆ ਹਨ ਵੱਡੀ ਬੇਇਨਸਾਫ਼ੀਆਂ : ਮਾਨ

ਨਵੀਂ ਦਿੱਲੀ, 31 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): "ਸ. ਦੀਪ ਸਿੰਘ ਸਿੱਧੂ ਜੋ ਸਿੱਖ ਕੌਮ ਦੇ ਇਕ ਦਾਰਸਨਿਕ ਦੂਰਅੰਦੇਸ਼ੀ ਰੱਖਣ ਵਾਲੇ ਸਿੱਖ ਨੌਜਵਾਨ ਸਨ । ਜਿਨ੍ਹਾਂ ਨੇ ਆਪਣੇ ਵਿਚਾਰਾਂ ਰਾਹੀ ਕੇਵਲ ਪੰਜਾਬ



ਵਿਚ ਹੀ ਨਹੀ ਬਲਕਿ ਇੰਡੀਆ ਤੇ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਸਿੱਖਾਂ ਨੂੰ ਆਪਣੀ ਵਿਦਵਤਾ ਰਾਹੀ ਇਤਿਹਾਸਿਕ ਲੀਹਾਂ ਉਤੇ ਅਗਵਾਈ ਦੇ ਕੇ ਸਿੱਖ ਕੌਮ ਦੇ ਚੱਲ ਰਹੇ ਆਜਾਦੀ ਦੇ ਸੰਘਰਸ਼ ਪ੍ਰਤੀ ਅਤੇ ਸਿੱਖ ਕੌਮ ਤੇ ਪੰਜਾਬੀਆਂ ਉਤੇ ਹੋ ਰਹੇ ਜੁਲਮ ਪ੍ਰਤੀ ਦ੍ਰਿੜਤਾ ਨਾਲ ਜਾਗਰੂਕ ਕਰਨ ਦੀ ਜਿੰਮੇਵਾਰੀ ਨਿਭਾਈ । ਉਸ ਨੂੰ ਇੰਡੀਆ ਦੀ ਬੀਜੇਪੀ-ਆਰ.ਐਸ.ਐਸ ਹਕੂਮਤ ਨੇ ਆਪਣੀਆ ਏਜੰਸੀਆ ਰਾਹੀ 15 ਫਰਵਰੀ 2022 ਨੂੰ ਦਿੱਲੀ-ਹਰਿਆਣਾ ਸਰਹੱਦ ਉਤੇ ਇਕ ਸਾਜਸੀ ਐਕਸੀਡੈਂਟ ਕਰਵਾਕੇ ਸ਼ਹੀਦ ਕਰ ਦਿੱਤਾ ਸੀ । ਜਿਸਦੀ ਬਰਸੀ ਸਾਡੇ ਹਰਿਆਣਾ ਦੇ ਯੂਥ ਪ੍ਰਧਾਨ ਸ. ਹਰਜੀਤ ਸਿੰਘ ਵਿਰਕ ਅਤੇ ਉਥੋ ਦੀ ਜਥੇਬੰਦੀ ਵੱਲੋ 15 ਫਰਵਰੀ 2023 ਨੂੰ ਖਰਖੋਦਾ ਵਿਖੇ ਮਨਾਈ ਸੀ । ਜਿਸ ਵਿਚ ਸਿੱਖ ਨੌਜਵਾਨਾਂ ਤੇ ਪਾਰਟੀ ਅਹੁਦੇਦਾਰਾਂ ਨੇ ਸਮੂਲੀਅਤ ਕਰਦੇ ਹੋਏ ਆਪਣੇ ਸ਼ਹੀਦ ਨੂੰ ਸਰਧਾਂ ਦੇ ਫੁੱਲ ਭੇਟ ਕੀਤੇ ਸਨ । ਪਰ ਦੁੱਖ ਤੇ ਅਫਸੋਸ ਹੈ ਕਿ ਹਰਿਆਣਾ ਦੀ ਖੱਟਰ ਸਰਕਾਰ ਦੇ ਆਦੇਸ਼ਾਂ ਉਤੇ ਅਮਨਮਈ ਤੇ ਜਮਹੂਰੀਅਤ ਢੰਗ ਨਾਲ ਇਸ ਬਰਸੀ ਮਨਾਏ ਜਾਣ ਵਾਲੇ ਨੌਜਵਾਨ ਸ. ਹਰਜੀਤ ਸਿੰਘ ਵਿਰਕ ਅਤੇ 10 ਹੋਰ ਉਤੇ ਖਰਖੋਦਾ ਥਾਣੇ ਵਿਚ ਝੂਠਾ ਕੇਸ ਦਰਜ ਕਰ ਦਿੱਤਾ । ਜਿਸ ਤਹਿਤ ਹਰਿਆਣਾ ਦੀ ਸਰਕਾਰ, ਪੁਲਿਸ ਵੱਲੋ ਇਨ੍ਹਾਂ ਨੌਜਵਾਨਾਂ ਨੂੰ ਬਿਨ੍ਹਾਂ ਵਜਹ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਮੰਦਭਾਵਨਾ ਅਧੀਨ ਇਹ ਕੇਸ ਬਰਸੀ ਵਾਲੇ ਦਿਹਾੜੇ ਤੋ 9 ਮਹੀਨੇ ਬਾਅਦ ਉਸੇ ਤਰ੍ਹਾਂ ਬਣਾਇਆ ਗਿਆ ਜਿਵੇ ਬੀਤੇ ਕੱਲ੍ਹ ਭਾਨਾ ਸਿੱਧੂ ਉਤੇ ਪੁਰਾਤਨ ਤਰੀਕ ਵਿਚ ਝੂਠਾ ਚੈਨੀ ਖੋਹਣ ਦਾ ਕੇਸ ਬਣਾਇਆ ਗਿਆ ਹੈ । ਕਹਿਣ ਤੋ ਭਾਵ ਹੈ ਭਾਵੇ ਸਰਕਾਰ ਪੰਜਾਬ ਦੀ ਹੋਵੇ ਜਾਂ ਹਰਿਆਣੇ ਦੀ ਸਿੱਖਾਂ ਉਤੇ ਤਸੱਦਦ ਢਾਹੁਣ ਦਾ ਢੰਗ ਸਭ ਦਾ ਇਕੋ ਹੀ ਹੈ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣਾ ਸਰਕਾਰ ਵੱਲੋ ਸਾਡੀ ਪਾਰਟੀ ਦੇ ਸਿੱਖ ਨੌਜਵਾਨਾਂ ਉਤੇ ਖਰਖੋਦਾ ਥਾਣੇ ਵਿਚ ਬਣਾਏ ਗਏ ਝੂਠੇ ਕੇਸ ਅਧੀਨ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੀਆਂ ਹਕੂਮਤੀ ਕਾਰਵਾਈਆ ਦੀ ਜੋਰਦਾਰ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸ ਝੂਠੇ ਕੇਸ ਨੂੰ ਹਕੂਮਤੀ ਪੱਧਰ ਤੇ ਫੌਰੀ ਰੱਦ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਕੱਟੜਵਾਦੀ ਸਰਕਾਰਾਂ ਦੇ ਅਜਿਹੇ ਹੱਥਕੰਡੇ ਅਤੇ ਗੈਰ ਕਾਨੂੰਨੀ ਅਮਲ ਸਾਨੂੰ ਆਪਣੇ ਸ਼ਹੀਦਾਂ, ਨਾਇਕਾਂ, ਜਰਨੈਲਾਂ ਦੇ ਦਿਨਾਂ ਨੂੰ ਮਨਾਉਣ ਜਾਂ ਜਮਹੂਰੀਅਤ ਢੰਗ ਨਾਲ ਆਪਣੀਆ ਸਮਾਜਿਕ ਤੇ ਸਿਆਸੀ ਗਤੀਵਿਧੀਆ ਕਰਨ ਤੋ ਨਹੀ ਰੋਕ ਸਕਦੇ । ਬਲਕਿ ਅਜਿਹੇ ਜ਼ਬਰ ਤੇ ਬੇਇਨਸਾਫ਼ੀਆਂ ਸਿੱਖ ਕੌਮ ਨੂੰ 'ਜਬੈ ਬਾਣਿ ਲਾਗਿਓ, ਤਬੈ ਰੋਸ ਜਾਗਿਓ' ਦੇ ਮਹਾਵਾਕ ਅਨੁਸਾਰ ਪਹਿਲੇ ਨਾਲੋ ਵੀ ਵਧੇਰੇ ਮਜਬੂਤ ਕਰਦੀਆਂ ਹਨ ਅਤੇ ਅਸੀ ਆਪਣੇ ਕੌਮੀ ਆਜਾਦੀ ਦੇ ਮਿਸਨ ਦੀ ਪ੍ਰਾਪਤੀ ਤੱਕ ਇਸ ਸੰਘਰਸ ਨੂੰ ਜਾਰੀ ਰੱਖਾਂਗੇ ਤੇ ਫਤਹਿ ਪ੍ਰਾਪਤ ਕਰਾਂਗੇ । ਬੀਤੇ ਕੱਲ੍ਹ ਇਨ੍ਹਾਂ ਨੌਜਵਾਨਾਂ ਦੀ ਖਰਖੋਦਾ ਦੀ ਸੈਸਨ ਕੋਰਟ ਵਿਚ ਤਰੀਕ ਸੀ, ਜੋ 07 ਜੂਨ 2024 ਨੂੰ ਅਗਲੀ ਪੇਸ਼ੀ ਹੈ । ਜਦੋ ਵੀ ਇਹ ਪੇਸ਼ੀ ਦਾ ਸਮਾਂ ਆਵੇ ਤਾਂ ਪਾਰਟੀ ਦੇ ਜਿੰਮੇਵਾਰ ਸੱਜਣ ਤੇ ਯੂਥ ਇਸ ਪੇਸੀ ਉਤੇ ਪਹੁੰਚਕੇ ਹੋ ਰਹੀ ਬੇਇਨਸਾਫ਼ੀ ਵਿਰੁੱਧ ਜਿਥੇ ਆਵਾਜ ਬੁਲੰਦ ਕਰਨ, ਉਥੇ ਆਪਣੇ ਨੌਜਵਾਨ ਵੀਰਾਂ ਦੇ ਇਸ ਕੇਸ ਨੂੰ ਖਤਮ ਕਰਵਾਉਣ ਲਈ ਉੱਦਮ ਕਰਨ ।


ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV




ਭਾਈ ਰਘਵੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ

ੴ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ।। ੴ



ਪਰਮ ਸਤਿਕਾਰਯੋਗ ........................................ ਜੀਓ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ।।

# 10 ਫਰਵਰੀ 2024 ਦੇ

# ਨੁਮਾਇੰਦਾ ਇਕੱਠ

## ਵਿੱਚ ਜਲੰਧਰ ਪਹੁੰਚਣ ਲਈ ਸੱਦਾ ਪੱਤਰ ।

: ਏਜੰਡਾ :

**ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਹਿੱਤ ਕਾਨੂੰਨੀ ਪੱਖ ਤੇ ਲੋਕ ਲਹਿਰ ਉਸਾਰਨ ਲਈ ।**

ਬੇਨਤੀ ਹੈ ਕਿ ਜਿਵੇਂ ਆਪ ਜੀ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਹੱਥ ਠੋਕੇ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਤੇ ਉਸਦੇ ਅਹਿਲਕਾਰਾਂ ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਹਨਾਂ ਦੇ ਆਪਣੇ ਪਿੰਡ ਕਾਉਂਕੇ ਤੋਂ ਪਿੰਡ ਵਾਸੀਆਂ ਦੇ ਸਾਹਮਣੇ ਦਿਨ ਦਿਹਾੜੇ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਜਗਰਾਉਂ ਵਿਖੇ ਰੱਖਕੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਅਤੇ ਕੋਹ ਕੋਹ ਕੇ ਉਹਨਾਂ ਦੇ ਸਰੀਰ ਦੇ ਟੋਟੇ ਟੋਟੇ ਕਰਕੇ, ਭਾਵੇਂ ਇੱਕ ਜਨਵਰੀ 1993 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ । ਪਰ ਉਸ ਸਮੇਂ ਪੁਲਿਸ ਵਲੋਂ ਉਹਨਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦਾ ਡਰਾਮਾ ਰਚਿਆ ਗਿਆ ਸੀ । ਉਸ ਸਮੇਂ ਤੋਂ ਪੰਥ ਵਲੋਂ ਉਹਨਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਇੱਕ ਸੁਰ ਹੋ ਕੇ ਮੰਗ ਉਠਾਉਣ ਦੇ ਬਾਵਜੂਦ ਕਿਸੇ ਵੀ ਹੁਕਮਰਾਨ ਸਰਕਾਰ ਨੇ ਇਸ ਦਾ ਇਨਸਾਫ ਦੇਣ ਦੀ ਬਜਾਏ ਅੱਖੋਂ ਪਰੋਖੇ ਕਰੀ ਰੱਖਿਆ ਇਥੋਂ ਤੱਕ ਕਿ ਪੰਥ ਦੀਆਂ ਵੋਟਾਂ ਲੈ ਕੇ ਤਿੰਨ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਬਣੀ ਅਕਾਲੀ ਸਰਕਾਰ ਨੇ ਆਪਣੀ ਕੌਮ ਦੇ ਜਥੇਦਾਰ ਦਾ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਕਾਤਲ ਪੁਲਿਸ ਅਫਸਰਾਂ ਨੂੰ ਉਹਨਾਂ ਦੇ ਪਸੰਦੀ ਦੇ ਉੱਚ ਆਹੁਦੇ ਦੇ ਕੇ ਨਿਵਾਜਿਆ ਗਿਆ । ਸ. ਪ੍ਰਕਾਸ਼ ਸਿੰਘ ਬਾਦਲ ਬਾਦਲ ਨੇ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਰਹਿੰਦਿਆਂ ਲਗਾਤਾਰ ਕ੍ਰਮਵਾਰ 13 ਤੇ 8 ਸਾਲ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਨੂੰ ਆਪਣੇ ਸਿਰਹਾਣੇ ਤੇ ਗੋਡੇ ਥੱਲੇ ਦਬਾਅ ਕੇ ਕਾਤਲਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬਚਾਉਂਦੇ ਤੇ ਲਕਾਉਂਦੇ ਰਹੇ ।

ਪ੍ਰੰਤੂ ਹੁਣ ਉਨਾਂ ਦੇ ਕਤਲ ਦੀ 25 ਸਾਲਾਂ ਬਾਅਦ ਪੁਲਿਸ ਅਫਸਰ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਜਨਤਕ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਾਖਲ ਹੋਈ ਹੈ । ਇਸ ਰਿਪੋਰਟ ਨੇ ਅੱਜ ਸੰਸਾਰ ਪੱਧਰ ਤੇ ਸਿੱਖ ਕੌਮ ਨੂੰ ਮੁੜ ਅਗਵਾਈ ਦਿੰਦਿਆ ਉਸ ਦੌਰ ਦੀਆਂ ਵਧੀਕੀਆਂ ਤੇ ਜਬਰ ਜੁਲਮ ਦਾ ਇਨਸਾਫ ਲੈਣ ਅਤੇ ਖੇਰੂ-ਖੇਰੂ ਹੋਈ ਕੌਮ ਨੂੰ ਜਗਾਉਣ ਅਤੇ ਇੱਕ ਮੰਚ ਤੇ ਇਕੱਠਿਆਂ ਹੋਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਹਲੂਣਾ ਦਿੱਤਾ ਹੈ ।

ਸੋ ਆਓ ਪੰਥ ਅਤੇ ਪੰਜਾਬ ਦੇ ਦਰਦੀਓ, ਸਾਬਕਾ ਜੱਜ ਸਾਹਿਬਾਨ, ਵਕੀਲ ਸਾਹਿਬਾਨ ਮਨੁੱਖੀ ਅਧਿਕਾਰਾਂ ਲਈ ਅਵਾਜ ਬੁਲੰਦ ਕਰਨ ਵਾਲਿਓ, **10 ਫਰਵਰੀ 2024 ਨੂੰ ਸਵੇਰੇ 11 ਵਜੇ ਜਲੰਧਰ ਦੇ ਗੁਰੂ ਤੇਗ ਬਹਾਦੁਰ ਸਾਹਿਬ ਨਗਰ ਦੇ, ਗੁਰਦੁਆਰਾ ਗੁਰੂ ਤੇਗ ਬਹਾਦਰ** ਵਿਖੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ । ਸੋ ਗੁਰੂ ਹੁਕਮਾਂ ਦੀ ਰੋਸਨੀ ਵਿੱਚ, ਭਵਿੱਖੀ ਰਣਨੀਤੀ ਤਿਆਰ ਕਰਨ ਲਈ ਜਥੇਦਾਰ ਕਾਉਂਕੇ ਦੇ ਇਨਸਾਫ ਲੈਣ ਲਈ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਪ੍ਰਵਾਨ ਕਰਨਾ ਜੀ ।

: ਨੋਟ :

ਜਥੇਦਾਰ ਕਾਉਂਕੇ ਸਾਹਿਬ ਦੇ ਮੁੱਦੇ ਤੇ ਇਨਸਾਫ ਲੈਣ ਲਈ ਕਨੂੰਨੀ ਰਾਏ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਆਪਣੇ ਕੀਮਤੀ ਸੁਝਾਅ ਸੰਖੇਪ ਸਬਦਾਂ ਵਿੱਚ ਲਿਖਕੇ ਲੈ ਕੇ ਆਉਣ ਦੀ ਕ੍ਰਿਪਾਲਤਾ ਕਰਨੀ ਜੀ । ਆਪ ਜੀ ਦੇ ਧੰਨਵਾਦੀ ਹੋਵਾਂਗੇ ।

ਆਵਾਜ਼ਿ ਕੌਮ AWAZE QAUM International Newspaper & WEB TV


: ਗੁਰੂ ਪੰਥ ਦੇ ਦਾਸ :

**ਤਾਲਮੇਲ ਇਨਸਾਫ਼ ਕਮੇਟੀ**

**ਅਮਰ ਸ਼ਹੀਦ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ**

**ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ**

ਸੰਪਰਕ ਨੰਬਰ : 9872482164, 9814013915, 9814015740, 9779750126, ਕਨੂੰਨੀ ਸੁਝਾਅ ਦੇਣ ਵਾਸਤੇ ਨੰਬਰ : 9878421013



ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਜਨਮ
ਪਿੰਡ ਰੋਡੇ
2.6.1947
Birth
Pind Rode
ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar
www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net




ਜਥੇਦਾਰ ਬਾਪੂ
ਗੋਪਾਲ ਸਿੰਘ ਜੀ ਦੀ
ਦੀ ਮਿੱਠੀ ਯਾਦ ਵਿੱਚ
ਸਲਾਨਾ ਬਰਸੀ
ਸ੍ਰੀ ਅਖੰਡ ਪਾਠ ਸਾਹਿਬ ਭੋਗ ਤੋਂ ਉਪਰੰਤ ਕੀਰਤਨ ਅਤੇ ਕਥਾ
ਮਿਤੀ 1 ਫਰਵਰੀ 2024,ਵੀਰਵਾਰ ਸਵੇਰੇ 10:30 ਤੋਂ ਦੁਪਿਹਰ 1:00 ਵਜੇ ਤੱਕ
ਪਿੰਡ: ਬਾਘੇਵਾਲਾ,ਨੇੜੇ ਆਰਿਫ ਕੇ, ਜ਼ਿਲ੍ਹਾ ਫਿਰੋਜ਼ਪੁਰ ਵਿਖੇ
ਬੇਨਤੀ ਕਰਤਾ: ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ (ਭਿੰਡਰਾਂਵਾਲੇ) (ਮੁਖੀ ਦਮਦਮੀ ਟਕਸਾਲ) ਅਤੇ ਸਮੂਹ ਪਰਿਵਾਰ
ਜਥੇਦਾਰ ਭਾਈ ਸੁਖਦੇਵ ਸਿੰਘ
ਸ੍ਰੀ ਅਨੰਦਪੁਰ ਸਹਿਬ
ਮੁੱਖ ਬੁਲਾਰਾ ਦਮਦਮੀ ਟਕਸਾਲ




24 SERVICE EVERYDAY HOURS
PURE AND NATURAL 100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757
We Accept Online & Card Payment




ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
www.damdamitaksal.net
ਮੁਕਤਾ ਕੰਨਾ ਸਿਹਾਰੀ ਬਿਹਾਰੀ
ਔਂਕੜ ਦੁਲੈਂਕੜ ਲਾਂ ਦੁਲਾਵਾਂ
ਹੋੜਾ ਕਨੌੜਾ ਟਿੱਪੀ ਕੰਨਾ-ਬਿੰਦੀ
www.damdamitaksal.net
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI

# ਡੇਰਾ ਬਾਬਾ ਸਿੱਧ ਤਿਲਕਰਾ ਦਿਉਣ ਵਿਖੇ ਤਿੰਨ ਰੋਜ਼ਾ ਕਥਾ ਕੀਰਤਨ ਸਮਾਗਮ





ਆਵਾਜ਼ਿ ਕੌਮ AWAZE QAUM International Newspaper & WEB TV


## ਕਥਾ ਸਮਾਗਮ ਦੌਰਾਨ ਲਗਾਇਆ ਖੂਨਦਾਨ ਕੈਂਪ

ਬਠਿੰਡਾ, 31 ਜਨਵਰੀ (ਗੁਰਜੰਟ ਸਿੰਘ ਨਥੇਹਾ)- ਡੇਰਾ ਬਾਬਾ ਸਿੱਧ ਤਿਲਕਰਾ ਦਿਉਣ ਵਿਖੇ ਦਸਵਾਂ ਕਥਾ ਸਮਾਗਮ ਦੌਰਾਨ ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ ਵੱਲੋਂ ਤਿੰਨ ਦਿਨ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਚੱਲੇ ਕਥਾ ਕੀਰਤਨ ਪ੍ਰਵਾਹ ਦੌਰਾਨ ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਉਸ ਅਕਾਲ ਪੁਰਖ ਪਰਮਾਤਮਾ ਦੀ ਖੋਜ ਕਰਨ ਲਈ ਪ੍ਰੇਰਿਆ। ਆਪਣੇ ਪ੍ਰਵਚਨਾਂ ਰਾਹੀਂ ਉਹਨਾਂ ਸਮੁੱਚੀ ਸਾਧ ਸੰਗਤ ਨੂੰ ਦੱਸਿਆ ਕਿ ਤੁਸੀਂ ਕਥਾ ਕੀਰਤਨ ਦੌਰਾਨ ਬੈਕੁੰਠ ਵਿੱਚ ਬੈਠੇ ਹੋ। ਅੱਜ ਦਾ ਇਨਸਾਨ ਪਦਾਰਥਵਾਦੀ ਹੋ ਕੇ ਪੈਸੇ ਦੀ ਦੌੜ ਵਿੱਚ ਭੱਜ ਨੱਠ ਕਰ ਰਿਹਾ ਹੈ ਤੇ ਉਸ ਅਕਾਲ ਪੁਰਖ ਪਰਮਾਤਮਾ ਨੂੰ ਭੁੱਲ ਚੁੱਕਾ ਹੈ, ਪਰਮਾਤਮਾ ਸਾਨੂੰ ਬਿਨਾਂ ਮੰਗਿਆ ਹੀ ਦੇ ਰਿਹਾ ਹੈ ਸੋ ਸਾਨੂੰ ਨਾਮ ਸਿਮਰਨ ਵੱਲ ਵੀ ਸਮਾਂ ਕੱਢਣਾ ਚਾਹੀਦਾ ਹੈ। ਤਿੰਨ ਦਿਨ ਕਥਾ ਕੀਰਤਨ ਪ੍ਰਵਾਹ ਦੌਰਾਨ ਸਵਾਮੀ ਰਾਮ ਤੀਰਥ ਜੀ ਨੇ ਗੁਰੂ ਸਾਹਿਬਾਨਾਂ, ਭਗਤ ਕਬੀਰ ਜੀ, ਭਗਤ ਫਰੀਦ ਜੀ, ਭਗਤ ਰਵਿਦਾਸ ਜੀ, ਭਗਤ ਨਾਮਦੇਵ, ਭਗਤ ਪੀਪਾ ਜੀ, ਭਗਤ ਧਰੂ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਮੁੱਚੇ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਮਾਰਗ ਉੱਪਰ ਚੱਲਣ ਲਈ ਪ੍ਰੇਰਿਆ। ਕ੍ਰਿਸ਼ਨ ਸੁਦਾਮਾ ਦੀ ਕਥਾ ਰਾਹੀਂ ਸੰਗਤਾਂ ਨੂੰ ਚੰਗੇ ਦੋਸਤ ਜੋ ਗਰੀਬੀ ਅਮੀਰੀ ਤੋਂ ਉੱਪਰ ਉੱਠ ਕੇ ਇਨਸਾਨੀਅਤ ਤੋਂ ਪਿਆਰ ਕਰੇ ਬਾਰੇ ਚੰਗਾ ਸੁਨੇਹਾ ਦਿੱਤਾ। ਉਨ੍ਹਾਂ ਮਾਵਾਂ ਨੂੰ ਬੇਨਤੀ ਕੀਤੀ ਕਿ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰੱਖੋ ਅਤੇ ਚੰਗੇ ਸੰਸਕਾਰ ਦਿਓ ਤਾਂ ਕਿ ਬੱਚੇ ਵੱਡੇ ਹੋ ਕੇ ਮਾਪਿਆਂ ਦੇ ਆਗਿਆਕਾਰੀ ਬਣਨ। ਤਿੰਨੇ ਦਿਨ ਇੰਦਰਾਣੀ ਹਸਪਤਾਲ ਬਠਿੰਡਾ ਦੇ ਬਲੱਡ ਬੈਂਕ ਵੱਲੋਂ ਲਗਾਏ ਗਏ ਖੂਨਦਾਨ ਕੈਂਪ ਵਿੱਚ ਪਹੁੰਚ ਕੇ ਸਵਾਮੀ ਰਾਮ ਤੀਰਥ ਜੀ ਵੱਲੋਂ ਖੂਨਦਾਨੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਇੰਦਰਾਣੀ ਬਲੱਡ ਬੈਂਕ ਦੇ ਡਾਕਟਰਾਂ ਅਤੇ ਨਗਰ ਦਿਉਣ ਵਾਸੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਤਾ ਹੀ ਨਹੀਂ ਚੱਲਿਆ ਕਿ 10 ਸਾਲ ਕਿਵੇਂ ਬੀਤ ਗਏ ਇਸ ਨਗਰ ਵਿੱਚ ਧਾਰਮਿਕ ਸਮਾਗਮ ਕਰਦਿਆਂ, ਦਿਉਣ ਦੇ ਡੇਰਾ ਬਾਬਾ ਸਿੱਧ ਤਿਲਕ ਰਾਓ ਜੀ ਦੀ ਸਮੁੱਚੀ ਕਮੇਟੀ ਅਤੇ ਸੇਵਾਦਾਰਾਂ ਵੱਲੋਂ ਵਧੀਆ ਪ੍ਰਬੰਧ ਕੀਤੇ ਗਏ ਹਨ। ਹਰ ਸਾਲ ਨਗਰ ਦੀਆਂ ਸੰਗਤਾਂ ਕੀਰਤਨ ਸਮਾਗਮ ਬੜੇ ਹੀ ਸ਼ਾਂਤ ਚਿੱਤ ਸੱਚੀ ਸੁੱਚੀ ਭਾਵਨਾ ਨਾਲ ਕਰਵਾਉਦੀਆਂ ਹਨ, ਤਾਂ ਹੀ ਕਥਾ ਵਾਚਕ ਸੰਗਤਾਂ ਨੂੰ ਪਾਵਨ ਗੁਰਬਾਣੀ, ਨਾਮ ਸਿਮਰਨ ਵੱਲ ਜੋੜਦਾ ਹੈ। ਇਸ ਮੌਕੇ ਮਹਾਂ ਪੁਰਸ਼ ਬਾਬਾ ਹਰਨੇਕ ਸਿੰਘ ਪੋਨੇ ਵਾਲਾ ਨੇ ਵੀ ਕਥਾ ਕੀਰਤਨ ਸਮਾਗਮ ਵਿੱਚ ਹਾਜ਼ਰੀ ਭਰੀ। ਮੁੱਖ ਸੇਵਾਦਾਰ ਬਾਬਾ ਤੇਜਾ ਸਿੰਘ, ਡੇਰਾ ਕਮੇਟੀ ਤੋਂ ਭਾਈ ਗੁਰਜੰਟ ਸਿੰਘ ਅਤੇ ਭੁਪਿੰਦਰ ਸਿੰਘ ਨੇ ਸਵਾਮੀ ਰਾਮ ਤੀਰਥ ਜੀ ਜਲਾਲ ਵਾਲਿਆਂ ਦਾ ਸਮੁੱਚੇ ਨਗਰ ਵੱਲੋਂ ਧੰਨਵਾਦ ਕੀਤਾ। ਇੰਦਰਾਣੀ ਬਲੱਡ ਬੈਂਕ ਦੇ ਡਾਕਟਰ ਸੁਖਦੀਪ ਸਿੰਘ ਨੇ ਸਵਾਮੀ ਰਾਮ ਤੀਰਥ ਜੀ ਵੱਲੋਂ ਉਹਨਾਂ ਨੂੰ ਅਸ਼ੀਰਵਾਦ ਦੇਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਨਗਰ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਖੂਨਦਾਨ ਕੈਂਪ ਵਿੱਚ ਵੱਧ ਚੜ੍ਹ ਖਾਸ ਕਰ ਔਰਤਾਂ ਵੱਲੋਂ ਯੋਗਦਾਨ ਪਾਇਆ ਗਿਆ ਹੈ। ਉਹਨਾਂ ਕਿਹਾ ਕਿ ਖੂਨਦਾਨ ਕੈਂਪ ਵਿੱਚ ਬੀਬੀਆਂ ਵੱਲੋਂ ਭਾਰੀ ਉਤਸਾਹ ਦਿਖਾਇਆ ਅਤੇ ਸਵੈ ਇੱਛਾ ਨਾਲ ਖੂਨਦਾਨ ਕਰਕੇ ਨਿਵੇਕਲੀ ਪਹਿਲ ਕੀਤੀ ਹੈ। ਡੇਰਾ ਬਾਬਾ ਸਿਧ ਤਿਲਕਰਾ ਦੇ ਮੁੱਖ ਸੇਵਾਦਾਰ ਬਾਬਾ ਤੇਜਾ ਸਿੰਘ ਅਤੇ ਕਮੇਟੀ ਪ੍ਰਧਾਨ ਭਾਈ ਗੁਰਜੰਟ ਸਿੰਘ ਨੇ ਨਗਰ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਜਲਾਲ ਵਾਲੇ ਮਹਾਂਪੁਰਸ਼ ਸਵਾਮੀ ਰਾਮ ਤੀਰਥ ਜੀ ਵੱਲੋਂ ਤਿੰਨ ਦਿਨ ਕਥਾ ਕੀਰਤਨ ਪ੍ਰਵਾਹ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਵੀ ਦਿਲੋਂ ਧੰਨਵਾਦ ਕੀਤਾ। ਤਿੰਨੇ ਦਿਨ ਸੰਗਤਾਂ ਲਈ ਮਿੱਠੇ ਚੌਲ ਅਤੇ ਬਿਸਕੁਟਾਂ, ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।


ਪੰਥ ਸਬਦ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ / ਕਿਰਤ ਕਰੋ / ਵੰਡ ਛੱਕੋ
Naam Japo / Kirat Karo / Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ


ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।





✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.
Boilers / Certificates / Gas Work / Cylinders / Maintenance Services
Gas Safety Inspections / Plumbing Work
Vaillant APPROVED INSTALLER / WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


ਸੰਤ ਜਰਨੈਲ ਸਿੰਘ
ਖ਼ਾਲਸਾ
ਭਿੰਡਰਾਂਵਾਲਿਆਂ ਦੇ
ਅਤਿ ਨਜ਼ਦੀਕੀ,
ਸਿੱਖ ਸਟੂਡੈਂਟਸ
ਫ਼ੈਡਰੇਸ਼ਨ ਦੇ
ਰੂਹੇ ਰਵਾਂ,
ਆਵਾਜ਼ਿ ਕੌਮ
AWAZE QAUM
International Newspaper & WEB TV
ਰੌਸ਼ਨ ਦਿਮਾਗ ਸ਼ਖਸੀਅਤ
ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ
ਦੀ ਯਾਦ ਨੂੰ ਸਮਰਪਿਤ
ਮਹਾਨ ਪੰਥਕ ਸਮਾਗਮ
ਸ਼ਨੀਵਾਰ, 3 ਫ਼ਰਵਰੀ 2024
ਪਿੰਡ ਮਟੀਆ, ਤਹਿਸੀਲ ਅਜਨਾਲਾ
ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਵੇਗਾ
ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ
ਬੇਨਤੀ ਕਰਤਾ : ਸ: ਪ੍ਰਿਤਪਾਲ ਸਿੰਘ, ਸ: ਬਲਜੀਤ ਸਿੰਘ ਖਾਲਸਾ, ਡਾ. ਭਗਵਾਨ ਸਿੰਘ, ਸ: ਜਸਵੰਤ ਸਿੰਘ ਰੋੜੇ,
ਸ: ਰਣਜੀਤ ਸਿੰਘ ਰਾਣਾ, ਸ: ਪ੍ਰੀਤਮ ਸਿੰਘ ਜੋਗਾਨੰਗਲ, ਸ: ਤਜਿੰਦਰਪਾਲ ਸਿੰਘ ਟਿੰਮਾ, ਸ: ਵਿਜੈਪਾਲ ਸਿੰਘ,
ਬਾਬਾ ਭਗਵਾਨ ਸਿੰਘ ਕਾਰ ਸੇਵਾ, ਸ: ਬਲਬੀਰ ਸਿੰਘ ਯੂ.ਐਸ.ਏ. ਸ: ਕੁਲਜੀਤ ਸਿੰਘ ਢਿੱਲੋਂ,
ਸ: ਸਰਬਜੀਤ ਸਿੰਘ ਦਿੱਲੀ, ਸ: ਹਰਮਿੰਦਰਪਾਲ ਸਿੰਘ, ਸ: ਮਹੇਸ਼ਇੰਦਰ ਸਿੰਘ ਗੁਲਾਬਗੜ੍ਹ, ਸ: ਜਰਨੈਲ ਸਿੰਘ,
ਸ: ਅਮਨਦੀਪ ਸਿੰਘ ਐਲੇ, ਸ: ਪ੍ਰਭਪ੍ਰੀਤ ਸਿੰਘ, ਸ: ਪਰਮਿੰਦਰ ਸਿੰਘ ਪਾਂਗਲੀ, ਸ: ਭਗਤ ਸਿੰਘ,
ਸ: ਜਗਰੂਪ ਸਿੰਘ ਸੰਧੂ, ਸ: ਮਨਜੀਤ ਸਿੰਘ, ਸ: ਮਨਜਿੰਦਰਪਾਲ ਸਿੰਘ ਰੋੜੇ,
ਸ: ਅਮਰਜੀਤ ਸਿੰਘ ਖਾਲਿਸਤਾਨੀ, ਸ: ਕੁਲਵਿੰਦਰ ਸਿੰਘ ਚਾਹਲ, ਸ: ਹਰਦੀਪ ਸਿੰਘ ਲੋਹਾਖੇੜਾ
ਸੰਪਰਕ ਨੰਬਰ : 92565 55555, 98140 52435

ਆਵਾਜ਼ਿ ਕੌਮ AWAZE QAUM

# ਇੱਕ ਨਜ਼ਰ



## ਸਿਹਤ ਵਿਭਾਗ ਤਰਨ ਤਾਰਨ ਵੱਲੋਂ ਦਿਲ ਦੀ ਬਿਮਾਰੀ ਤੋਂ ਪੀੜਤ ਬੱਚੇ ਦਾ ਇਲਾਜ ਕਰਵਾ ਕੇ ਦਿੱਤੀ ਨਵੀਂ ਜ਼ਿੰਦਗੀ

ਚੌਂਕ ਮਹਿਤਾ,31 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ) ਲੋੜਵੰਦ ਗਰੀਬ ਪਰਿਵਾਰਾ ਦੇ ਕਈ ਅਜਿਹੇ ਕਈ ਬੱਚੇ ਜ਼ੋ ਜਨਮ ਸਮੇ ਤੋ ਬਾਦ ਗੰਭੀਰ ਰੋਗਾ ਦੇ ਸ਼ਿਕਾਰ ਹਨ ਅਤੇ ਪਰਿਵਾਰਾ ਦੀ ਮਾਲੀ ਹਾਲਤ ਕਾਰਨ ਇਲਾਜ ਕਰਵਾਉਣ ਤੋ ਅਸਮਰੱਥ ਹੁੰਦੇ ਹਨ ।ਅਜਿਹੇ ਬੱਚਿਆਂ ਦੇ ਇਲਾਜ ਸਹਾਇਤਾ ਲਈ ਰਾਸ਼ਟਰੀਯ ਬਾਲ ਸਵਾਸਥ ਕਾਰਿਆਕਰਮ ਅਧੀਨ ਚੱਲ ਰਹੀ ਭਲਾਈ ਯੋਜਨਾ ਦੇ ਤਹਿਤ ਆਰ.ਬੀ.ਐਸ.ਕੇ ਮੋਬਾਇਲ ਹੈਲਥ ਟੀਮਾ ਵੱਲੋ ਅਜਿਹੇ ਬੱਚਿਆ ਦੀ ਜਾਣਕਾਰੀ ਹਾਸਿਲ ਕਰਕੇ ਬੱਚਿਆਂ ਦੇ ਇਲਾਜ ਲਈ ਸਫਲ ਉਪਰਾਲੇ ਕੀਤੇ ਜਾ ਰਹੇ ਹਨ । ਜਿਲ੍ਹੇ ਭਰ ਵਿੱਚ "ਤੰਦਰੁਸਤ ਪੰਜਾਬ ਮਿਸ਼ਨ" ਦੇ ਚਲਦਿਆਂ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਅਤੇ ਸਿਵਲ ਸਰਜਨ ਡਾ. ਕਮਲਪਾਲ ਦੀ ਅਗਵਾਈ ਹੇਠ ਚੱਲ ਰਹੇ ਰਾਸ਼ਟਰੀਯ ਬਾਲ ਸਵਾਸਥ ਕਾਰਿਆਕਰਮ ਤਹਿਤ ਸਿਹਤ ਵਿਭਾਗ ਤਰਨ ਤਾਰਨ ਵੱਲੋ ਦਿਲ ਦੀ ਬਿਮਾਰੀ ਤੋ ਪੀੜਤ ਬੱਚੇ ਦਾ ਮੋਹਾਲੀ ਫੋਰਟਿਸ ਹਸਪਤਾਲ ਤੋ ਮੁਫਤ ਇਲਾਜ ਕਰਵਾ ਕੇ ਬੱਚੇ ਨੂੰ ਨਵੀ ਜਿੰਦਗੀ ਦਿੱਤੀ।ਇਸ ਸਬੰਧੀ ਤਰਨ ਤਾਰਨ ਵਿਖੇ ਸਿਵਲ ਸਰਜਨ ਡਾ. ਕਮਲਪਾਲ ਜੀ ਨੇ ਦੱਸਿਆ ਕਿ ਸਿਹਤ ਵਿਭਾਗ ਤਰਨ ਤਾਰਨ ਵੱਲੋ ਆਰ.ਬੀ.ਐਸ.ਕੇ ਮੋਬਾਇਲ ਹੈਲਥ ਟੀਮਾਂ ਵੱਲੋ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ ਅਤੇ ਆਗਣਵਾੜੀ ਸੈਟਰਾਂ ਵਿੱਚ ਦਰਜ ਬੱਚਿਆਂ ਦਾ ਹੈਲਥ ਚੈਕਅੱਪ ਕਰਕੇ ਲੋੜਵੰਦ 0—18 ਸਾਲ ਦੇ ਬੱਚਿਆਂ ਦਾ ਇਸ ਪ੍ਰੋਗਰਾਮ ਤਹਿਤ 31 ਬਿਮਾਰੀਆਂ ਮੁਫਤ ਇਲਾਜ ਕੀਤਾ ਜਾ ਰਿਹਾ ਹੈ । ਇਸ ਤਹਿਤ ਚੈਕਅੱਪ ਦੌਰਾਨ ਪਾਇਆ ਗਿਆ ਕਿ ਪਰਮਿੰਦਰ ਸਿੰਘ ( ਉਮਰ 2 ਸਾਲ ) ਪੁੱਤਰ ਪ੍ਰਗਟ ਸਿੰਘ ਵਾਸੀ ਪਿੰਡ ਵਰਿਆਂ ਨਵੇ ਦਿਲ ਦੀ ਬਿਮਾਰੀ ਤੋ ਪੀੜਤ ਪਾਇਆ ਗਿਆ,ਇੱਥੇ ਦੇ ਸਰਕਾਰੀ ਹਸਪਤਾਲ ਡੀ.ਈ.ਆਈ.ਸੀ. ਸੈਂਟਰ ਵਿਖੇ ਇਲਾਜ ਲਈ ਭੇਜਿਆ ਗਿਆ ਸੀ । ਇੱਥੋ ਦੇ ਮੌਜੂਦ ਬੱਚਿਆਂ ਦੇ ਮਾਹਿਰ ਡਾ. ਨੀਰਜ ਲਤਾ ਵੱਲੋ ਇਸ ਬੱਚੇ ਦੇ ਦਿਲ ਵਿੱਚ ਛੇਕ ਹੋਣ ਦੀ ਪੁਸ਼ਟੀ ਕਰਨ ਉਪਰੰਤ ਬੱਚੇ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਭੇਜ਼ ਦਿੱਤਾ ਗਿਆ ਸੀ,ਜਿੱਥੇ ਯੋਗ ਡਾਕਟਰਾਂ ਵੱਲੋ ਇਸ ਬੱਚੇ ਦਾ ਆਰ.ਬੀ.ਐਸ.ਕੇ ਪ੍ਰੋਗਰਾਮ ਤਹਿਤ ਮੁਫਤ ਇਲਾਜ ਕੀਤਾ ਗਿਆ ਅਤੇ ਹੁਣ ਇਹ ਬੱਚਾ ਬਿਲਕੁਲ ਤੰਦਰੁਸਤ ਹੈ ।ਇਸ ਮੋਕੇ ਤੇ ਬੱਚੇ ਦੇ ਮਾਤਾ, ਪਿਤਾ ਨੇ ਸਿਵਲ ਸਰਜਨ ਡਾ. ਕਮਲਪਾਲ, ਜਿਲ੍ਹਾ ਆਰ.ਬੀ.ਐਸ.ਕੇ ਨੋਡਲ ਅਫਸਰ ਡਾ. ਵਰਿੰਦਰਪਾਲ ਕੌਰ ਅਤੇ ਸਮੁੱਚੀ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ।ਇਸ ਸਬੰਧੀ ਡਾ. ਵਰਿੰਦਰਪਾਲ ਕੌਰ ਨੇ ਇਸ ਸਮੇ ਜਾਣਕਾਰੀ ਦਿੰਦਿਆ ਦੱਸਿਆ ਕਿ ਜੇਕਰ ਕਿਸੇ ਲੋੜਵੰਦ ਪਰਿਵਾਰ ਬੱਚਾ ਇਸ ਤਰ੍ਹਾ ਦੇ ਗੰਭੀਰ ਰੋਗ ਤੋ ਪੀੜਤ ਹੈ, ਉਹ ਸਿਹਤ ਸੰਸਥਾਂਵਾ ਵਿਖੇ ਸਪੰਰਕ ਕਰ ਸਕਦੇ ਹਨ ਅਤੇ ਸਰਕਾਰ ਵੱਲੋ ਦਿੱਤੀਆਂ ਜਾ ਰਹੀਆਂ ਅਜਿਹੀਆਂ ਸਕੀਮਾਂ ਦਾ ਵੱਧ ਤੋ ਵੱਧ ਲਾਭ ਪ੍ਰਾਪਤ ਕਰਨ । ਇਸ ਮੋਕੇ ਤੇ ਜਿਲ੍ਹਾ ਮਾਸ ਮੀਡੀਆ ਅਫਸਰ ਸ੍ਰ ਅਮਰਬੀਰ ਸਿੰਘ, ਜਿਲ੍ਹਾ ਸਕੂਲ ਹੈਲਥ ਕੋਰਡੀਨੇਟਰ ਰਜਨੀ ਸ਼ਰਮਾ, ਸੰਦੀਪ ਸਿੰਘ ਆਦਿ ਹਾਜਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਹਜ਼ੂਰ ਸਾਹਿਬ ਦੇ ਹੋਣਹਾਰ ਵਿਦਿਆਰਥੀ ਈਸਰੋ ਬੰਗਲੌਰ ਟੂਰ ਤੋਂ ਵਾਪਿਸ ਪਰਤੇ : ਡਾ. ਵਿਜੇ ਸਤਬੀਰ ਸਿੰਘ



ਚੌਂਕ ਮਹਿਤਾ, 31 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )ਪਿਛਲੇ ਦਿਨੀ ਬੰਗਲੋਰ ਤੋਂ ਪੁੱਜੇ ਸੀਨੀਅਰ ਸਾਇੰਟਿਸਟ ਸ੍ਰ: ਮਹਿੰਦਰ ਪਾਲ ਸਿੰਘ ਜੀ ਜਿਨ੍ਹਾਂ ਨੇ ਚੰਦਰਯਾਨ- 3 ਮਿਸ਼ਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਉਨ੍ਹਾਂ ਨੇ ਸ੍ਰੀ ਹਜ਼ੂਰ ਸਾਹਿਬ ਦੇ ਬੱਚਿਆਂ ਨੂੰ ਈਸਰੋ ਆਉਣ ਦਾ ਸੱਦਾ ਦਿੱਤਾ ਸੀ, ਜਿਸ ਅਨੁਸਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐਸ. ਵਲੋਂ ਇੱਕ ਟੀਮ ਜਿਸ ਵਿੱਚ ਸ੍ਰ: ਗੁਰਬਚਨ ਸਿੰਘ ਜੀ ਪ੍ਰਿੰਸੀਪਲ ਆਈ.ਟੀ.ਆਈ., ਪ੍ਰਿੰਸੀਪਲ ਅਨਿੱਲ ਕੋਰ ਖਾਲਸਾ ਅਤੇ ਖਾਲਸਾ ਹਾਈ ਸਕੂਲ ਤੇ ਸੱਚਖੰਡ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀ ਸ਼ਾਮਿਲ ਸਨ, ਬੰਗਲੌਰ ਭੇਜੀ ਗਈ । ਈਸਰੋ ਪੁੱਜ ਕੇ ਵਿਦਿਆਰਥੀਆਂ ਨੂੰ ਕਈ ਤਜ਼ਰਬੇ ਹਾਂਸਲ ਹੋਏ, ਨਵੀਆਂ ਨਵੀਆਂ ਤਕਨੀਕਾਂ ਵੇਖਣ ਨੂੰ ਮਿਲੀਆਂ ਜਿਸ ਨਾਲ ਇਨ੍ਹਾਂ ਦੀ ਜਿੰਦਗੀ ਵਿੱਚ ਅੱਗੇ ਵਧਣ ਲਈ ਜ਼ਜ਼ਬਾ ਪੈਦਾ ਹੋਇਆ ਅਤੇ ਨਵੀਆਂ ਉਮੰਗਾਂ ਪੈਦਾ ਹੋਈਆਂ ਹਨ ।ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਜੀ ਸਾਬਕਾ ਆਈ.ਏ.ਐਸ. ਨੇ ਹੋਰ ਦੱਸਿਆ ਕਿ ਸਾਡੀ ਪ੍ਰਮੁੱਖਤਾ ਸ੍ਰੀ ਹਜ਼ੂਰ ਸਾਹਿਬ ਦੇ ਬੱਚਿਆਂ ਨੂੰ ਆਈ.ਏ.ਐਸ., ਆਈ.ਪੀ.ਐਸ., ਆਈ.ਐਫ.ਐਸ. ਵਰਗੇ ਸਰਵ ਉੱਚ ਅਹੁਦਿਆਂ ਦੇ ਇਮਤਿਹਾਨਾਂ ਲਈ ਤਿਆਰ ਕਰਨਾ ਹੈ ।ਇਸ ਟੀਚੇ ਦੀ ਪ੍ਰਾਪਤੀ ਲਈ, ਵੱਖ ਵੱਖ ਕੰਪੀਟੀਸ਼ਨਜ਼ ਲਈ ਤਿਆਰੀ ਕਰਵਾਈ ਜਾਵੇਗੀ ਜਿਸ ਨਾਲ ਉਹ ਦੇਸ਼ ਦੀ ਸੇਵਾ ਲਈ ਅੱਗੇ ਵਧਣ । ਇਸ ਨਾਲ ਜਿਥੇ ਬੱਚਿਆਂ ਦੇ ਜੀਵਨ ਵਿੱਚ ਆਰਥਿਕ ਖੁਸ਼ਹਾਲੀ ਆਵੇਗੀ, ਉਥੇ ਹੋਰਨਾ ਬੱਚਿਆਂ ਲਈ ਪ੍ਰੇਰਨਾਸ੍ਰੋਤ ਵੀ ਬਣਨਗੇ । ਇਹ ਜਾਣਕਾਰੀ ਸ: ਠਾਨ ਸਿੰਘ ਬੁੰਗਈ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਨੇ ਇੱਕ ਪ੍ਰੈਸ ਨੋਟ ਰਾਹੀਂ ਦਿਤੀ ।

ਆਵਾਜ਼ਿ ਕੌਮ AWAZE QAUM International Newspaper & WEB TV

## ਸਰਮਾ ਨੂੰ ਪ੍ਰਤਾਪ ਸਿੰਘ ਬਾਜਵਾ ਨੇ ਕੀਤਾ ਸਨਮਾਨ

ਧੂਰੀ, 31 ਜਨਵਰੀ ( ਰਣਜੀਤ ਸਿੰਘ ਪੇਧਨੀ )- ਕਾਗਰਸ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਨ



ਬਦਲੇ ਪੰਜਾਬ ਯੂਥ ਕਾਂਗਰਸ ਦੀ ਸੂਬਾ ਕਾਰਜਕਾਰਨੀ ਦੀ ਮੀਟਿੰਗ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਹੋਈ, ਜਿਸ ਮੀਟਿੰਗ ਵਿੱਚ ਯੂਥ ਕਾਂਗਰਸ ਦੇ ਦੇ ਜਰਨਲ ਸਕੱਤਰ ਸ਼ੁਭਮ ਸ਼ਰਮਾ ਧੂਰੀ ਨੂੰ ਪੂਰੇ ਪੰਜਾਬ ਭਰ ਵਿੱਚੋਂ ਪਹਿਲੇ ਸਥਾਨ ਤੇ ਆਪਣੀ ਕਾਰਗੁਜ਼ਾਰੀ ਕਰਨ ਦਾ ਸਰਟੀਫਿਕੇਟ ਸਾਡੇ ਵਿਰੋਧੀ ਧਿਰ ਦੇ ਨੇਤਾ ਸ੍ਰ. ਪ੍ਰਤਾਪ ਸਿੰਘ ਬਾਜਵਾ , ਯੂਥ ਕਾਂਗਰਸ ਦੇ ਰਾਸ਼ਟਰੀ ਇੰਚਾਰਜ ਸ਼੍ਰੀ ਕਰਿਸਨਾ ਅਲਾਵਾਰੂ, ਪੰਜਾਬ ਯੂਥ ਕਾਂਗਰਸ ਦੇ ਇੰਚਾਰਜ ਸ਼੍ਰੀ ਅਜੇ ਚਿਕਾਰਾ ਜੀ ਅਤੇ ਪ੍ਰਧਾਨ ਸ਼੍ਰੀ ਮੋਹਿਤ ਮਹਿੰਦਰਾ ਤੋ ਹਾਸਲ ਹੋਇਆ. ਇਸ ਮੀਟਿੰਗ ਵਿੱਚ ਯੂਥ ਕਾਂਗਰਸ ਦੇ ਅਹੁਦੇਦਾਰਾਂ ਨੂੰ ਲੋਕ ਸਭਾ ਚੋਣਾਂ ਸੰਬੰਧੀ ਪਾਰਟੀ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਗਿਆ ਅਤੇ ਦਿਸ਼ਾ-ਨਿਰਦੇਸ਼ ਦਿੱਤੇ ਗਏ।

# ਮਹਾਨ ਤਪਸਵੀ ਸਨ ਸੰਤ ਅਤਰ ਸਿੰਘ ਜੀ ਮਸਤੂਆਣਾ

**ਹੁਣ ਸਾਡੀ ਪਲਟਣ ਦੇ ਕੰਮ ਦਾ ਨਹੀਂ ਰਿਹਾ,ਕਰਨਲ ਸਾਹਿਬ ਨੇ ਬੜਾ ਜੋਰ ਲਾਇਆ ਕਿ ਸ਼ਾਇਦ ਇਹ ਫੇਰ ਡਿਊਟੀ ਸੰਭਾਲ ਲਵੇ,ਆਪਣੇ ਕੁਆਰਟਰ ਗਾਰਡ ਚ ਰੱਖਿਆ ਪਰ ਸੰਤ ਜੀ ਨੇ ਐਸਾ ਚੌਕੜਾ ਲਾਇਆ ਕਿ .....**

**ਬਰਸੀ ਤੇ ਵਿਸ਼ੇਸ਼**



**ਹਜ਼ੂਰ ਅਤਰ ਸਿੰਘ ਸਿਪਾਹੀ ਫ਼ਕੀਰ ਹੋ ਗਯਾ...!!**
**ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ।।**
**ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ ।।**
(ਪਾ: 10)

ਸੰਤ ਅਤਰ ਸਿੰਘ ਜੀ ਮਸਤੂਆਣਾ ਜੀ ਦਾ ਜਨਮ ਸੰਨ੍ਹ 1866 ਈਸਵੀ ਨੂੰ ਪਿੰਡ ਚੀਮਾਂ ਰਿਆਸਤ ਪਟਿਆਲਾ ਵਿਖੇ ਮਾਤਾ ਭੋਲੀ ਜੀ ਦੀ ਕੁੱਖੋਂ ਸਰਦਾਰ ਕਰਮ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਜਦ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਿਆ ਤਾਂ ਪਿਤਾ ਨੇ ਖੇਤੀਬਾੜੀ ਦੇ ਕੰਮ ਲਾ ਦਿੱਤਾ,ਸੰਤ ਜੀ ਦੀ ਉਮਰ ਚੌਦਾਂ ਕੁ ਵਰ੍ਹਿਆਂ ਦੀ ਸੀ ਖੇਤਾਂ ਵਿਚ ਰੱਬ ਆਸਰੇ ਪਸ਼ੂ ਚਰਦੇ ਛੱਡ ਮਹਾਂਪੁਰਸ਼ਾਂ ਨੇ ਆਪ ਇਕਾਂਤ ਸਿਮਰਨ ਚ ਬੈਠ ਜਾਣਾਂ,ਕੁਝ ਲੋਕਾਂ ਨੇ ਉਲ੍ਹਾਮੇ ਦੇਣੇ ਕੁਝ ਨੇ ਤਾਰੀਫਾਂ ਕਰਨੀਆਂ,ਪਿਤਾ ਨੇ ਝਿੜਕਣਾਂ ਮਾਂ ਨੇ ਕਹਿਣਾ ਪੁੱਤ ਤਕੜਾ ਹੋ ਕੇ ਕੰਮ ਕਰਿਆ ਕਰ ਤੇਰਾ ਬਾਪੂ ਝੂਰਦਾ ਰਹਿੰਦਾ ਹੈ ਕਿ ਇਸਦਾ ਕੀ ਬਣੂੰਗਾ ? ਸੰਤ ਜੀ ਇਕ ਦਿਨ ਮਾਤਾ ਜੀ ਨੂੰ ਸਹਿਜ ਸੁਭਾਅ ਕਹਿਣ ਲੱਗੇ ਮਾਂ ਮੈਂ ਫੌਜ਼ ਵਿਚ ਭਰਤੀ ਹੋਣਾਂ ਹੈ,ਮਾਂ ਨੇ ਝਿੜਕਿਆ ਕਿ ਕੋਈ ਲੋੜ ਨਹੀਂ ਪੁੱਤ ਘਰ ਵਿਚ ਖਾਣ ਪੀਣ ਨੂੰ ਬਹੁਤ ਹੈ,ਪਰ ਕਹਿਣ ਲੱਗੇ ਮਾਂ ਮੈਂ ਵੱਡਾ ਅਹੁਦਾ ਪਾਉਣਾ ਹੈ ਮੈਨੂੰ ਜਾਣ ਦਿਓ,ਸੰਨ੍ਹ 1883 ਈਸਵੀ ਚ 54 ਸਿੱਖ ਪਲਟਣ ਚ ਭਰਤੀ ਹੋ ਗਏ,ਇਸ ਪਿਛੇ ਮਕਸਦ ਸੀ ਕਿ ਘਰ ਬਾਪੂ ਟਿਕਣ ਨਹੀਂ ਦੇਂਦਾ ਉਥੇ ਭਜਨ ਬੰਦਗੀ ਕਰਾਂਗੇ । ਫੌਜ ਵਿਚ ਭਰਤੀ ਤੋਂ ਬਾਅਦ ਤੋਪਖਾਨੇ ਚ ਡਿਊਟੀ ਹੋਣ ਕਰਕੇ ਸਾਰਾ ਦਿਨ ਵਿਹਲ ਨਾ ਮਿਲਣੀ,ਇਕ ਦਿਨ ਆਪਣੇ ਪਿੰਡ ਚੀਮੇਂ ਦੇ ਸੂਬੇਦਾਰ ਦਲੇਲ ਸਿੰਘ ਨੂੰ ਬੇਨਤੀ ਕਰਨ ਲੱਗੇ,ਕਿ ਅਸੀਂ ਤਾਂ ਇਸ ਕਰਕੇ ਫੌਜ ਵਿਚ ਆਏ ਸੀ ਕਿ ਆਪਣੀ ਧਰਮ ਦੀ ਕਮਾਈ ਕਰਕੇ ਸਿਮਰਨ ਭਜਨ ਬੰਦਗੀ ਕਰਾਂਗੇ ਪਰ ਏਥੇ ਸਾਰਾ ਦਿਨ ਵਿਹਲ ਨਹੀਂ ਮਿਲਦੀ ਸੂਬੇਦਾਰ ਦਲੇਲ ਸਿੰਘ ਨੇ ਪਿਆਰ ਨਾਲ ਕਿਹਾ ਕੋਈ ਨਹੀਂ ਮੈਂ ਤੁਹਾਡੀ ਬਦਲੀ ਕੰਪਨੀ ਨੰਬਰ 7 ਚ ਕਰਵਾ ਦਿਆਂਗਾ। ਬਦਲੀ ਤੋਂ ਬਾਅਦ ਕੋਹਾਟ ਵਿਖੇ ਡਿਊਟੀ ਦੌਰਾਨ ਪਹਿਲੀ ਛੁੱਟੀ ਆਏ ਤਾਂ ਸਰਦਾਰ ਜੀਵਨ ਸਿੰਘ ਬੱਡਰੁਖਾਂ ਦੇ ਨਜ਼ਰੀਂ ਪੈ ਗਏ,ਸੁੰਦਰ ਸੁਡੌਲ ਸਰੀਰ ਵੇਖ ਉਹ ਆਪਣੀ ਧੀ ਮਹਾਂ ਕੌਰ ਲਈ ਵਰ ਲੈਣ ਆ ਪਹੁੰਚੇ,ਪਰ ਸੰਤ ਜੀ ਨੇ ਸਪੱਸ਼ਟ ਕਹਿ ਦਿੱਤਾ ਦੂਜੇ ਭਰਾ ਜੈ ਸਿੰਘ ਨਾਲ ਰਿਸ਼ਤਾ ਕਰ ਦਿਓ ਅਸਾਂ ਨੂੰ ਪ੍ਰਮੇਸ਼ਰ ਵਲੋਂ ਵਿਆਹ ਕਰਵਾਉਣ ਦਾ ਹੁਕਮ ਨਹੀ,ਛੁੱਟੀ ਕੱਟਕੇ ਵਾਪਸ ਪਰਤੇ ਤਾਂ ਅੰਗ੍ਰੇਜ਼ ਸਰਕਾਰ ਦੇ ਅਸੂਲਾਂ ਮੁਤਾਬਿਕ ਸਿੱਖ ਰੈਜ਼ਮੈਂਟ ਦੇ ਸਭ ਰੰਗਰੂਟਾਂ ਨੂੰ ਅੰਮ੍ਰਿਤ ਸੰਚਾਰ ਲਈ ਹੁਕਮ ਹੋਇਆ। ਗਿਆਨੀ ਠਾਕੁਰ ਸਿੰਘ ਜੀ,ਭਾਈ ਜੋਧ ਸਿੰਘ, ਸੂਬੇਦਾਰ ਦਲੇਲ ਸਿੰਘ,ਹਵਾਲਦਾਰ ਹੀਰਾ ਸਿੰਘ ਤੇ ਪੰਜਵਾਂ ਕੋਈ ਅਕਾਲੀ ਸਿੰਘ ਬਾਹਰੋਂ ਆਇਆ ਸੀ ਅੰਮ੍ਰਿਤ ਸੰਚਾਰ ਤੋਂ ਬਾਅਦ ਸੰਤ ਜੀ ਭਾਈ ਜੋਧ ਸਿੰਘ ਦੇ ਅਰਦਲੀ ਬਣ ਗਏ ਐਸਾ ਸਿਮਰਨ ਭਜਨ ਕੀਤਾ ਕਿ ਸੂਬੇਦਾਰ ਜੀ ਵਲੋਂ ਖੁਸ਼ ਹੋ ਕੇ ਪਹਿਰਾ ਮਾਫ ਕਰ ਦਿੱਤਾ। ਫਰਵਰੀ 1888 ਤੱਕ ਸਾਰੀ ਪਲਟਣ ਸੰਤ ਜੀ ਨੂੰ ਸਾਧ ਕਹਿ ਕੇ ਪੁਕਾਰਣ ਲੱਗੀ ਜਦੋਂ ਮਹਾਂਪੁਰਸ਼ਾਂ ਦੀ ਉਮਰ ਕੇਵਲ 22 ਸਾਲ ਸੀ। ਕੋਹਾਟ ਤੋਂ ਡੇਰਾ ਗਾਜੀ ਖਾਂ ਬਦਲੀ ਤੋਂ ਬਾਅਦ ਐਸੀ ਕਮਾਈ ਕੀਤੀ ਕਿ ਇਕ ਦਿਨ ਚੁੱਪ ਚਾਪ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਯਾਤਰਾ ਤੇ ਨਿਕਲ ਗਏ,ਉਥੇ ਲਗਾਤਾਰ ਨਗੀਨਾ ਘਾਟ,ਬੰਦਾ ਘਾਟ,ਗੌਤਮ ਘਾਟ,ਸ਼ਿਕਾਰ ਘਾਟ ਵਿਖੇ ਦੋ ਸਾਲ ਜਪ/ਜਪ ਚ ਲੀਨ ਰਹੇ,ਪਿਛੇ ਪਿੰਡ ਵਾਲਿਆਂ ਸੋਚਿਆ ਕਿ ਸ਼ਾਇਦ ਕਿਤੇ ਲਾਪਤਾ ਹੋ ਕੇ ਫੌਜੀ ਚੱਲ ਵੱਸਿਆ। ਪਰ ਜਦੋਂ ਵਾਪਿਸ ਪਿੰਡ ਪਰਤੇ ਤਾਂ ਲੋਕਾਂ ਦੱਸਿਆ ਕਿ ਤੁਹਾਡੀ ਬਹੁਤ ਪੁੱਛ ਪ੍ਰਤੀਤ ਹੋ ਰਹੀ ਹੈ ਤੁਸੀ ਡਿਊਟੀ ਤੋਂ ਕਿਥੇ ਚਲੇ ਗਏ ਸੀ ? ਕਰਨਲ ਗੈਸਲੀ ਦੇ ਸਿਪਾਹੀ ਤੁਹਾਨੂੰ ਬਹੁਤ ਵਾਰ ਲੱਭਣ ਆਏ,ਅਖੀਰ ਸੰਤ ਜੀ ਨੇ ਠਾਣ ਲਿਆ ਕਿ ਮੈਂ ਹੁਣ ਇਹ ਸੰਸਾਰੀ ਨੌਕਰੀ ਚੋਂ ਨਾਮ ਕੱਟਵਾ ਦੇਣਾਂ ਹੈ,ਜਦੋਂ ਪਲਟਣ ਚ ਪਹੁੰਚੇ ਤਾਂ ਸਾਰੇ ਬਹੁਤ ਖੁਸ਼ ਹੋਏ ਕਿ ਸੰਤ ਜੀ ਮੁੜ ਆਏ,ਹੋਰਾਂ ਸਿਪਾਹੀਆਂ ਨੇ ਕਰਨਲ ਨੂੰ ਦੱਸਿਆ ਕਿ ਹਜੂਰ ਸਿਪਾਹੀ ਅਤਰ ਸਿੰਘ ਫਕੀਰ ਹੋ ਗਿਆ,ਹੁਣ ਸਾਡੀ ਪਲਟਣ ਦੇ ਕੰਮ ਦਾ ਨਹੀਂ ਰਿਹਾ,ਕਰਨਲ ਸਾਹਿਬ ਨੇ ਬੜਾ ਜੋਰ ਲਾਇਆ ਕਿ ਸ਼ਾਇਦ ਇਹ ਫੇਰ ਡਿਊਟੀ ਸੰਭਾਲ ਲਵੇ,ਆਪਣੇ ਕੁਆਰਟਰ ਗਾਰਡ ਚ ਰੱਖਿਆ ਪਰ ਸੰਤ ਜੀ ਨੇ ਐਸਾ ਚੌਂਕੜਾ ਲਾਇਆ ਕਿ ਸਾਰੇ ਸਿਪਾਹੀ ਵਾਰ ਵਾਰ ਵੇਖਦੇ ਸੰਤ ਜੀ ਕਈ ਦਿਨ/ਰਾਤ ਸੰਤ ਜੀ ਅਡੋਲ ਬੈਠੇ ਰਹਿੰਦੇ,ਕਈ ਦਿਨਾਂ ਦੀ ਨਿਗਰਾਨੀ ਬਾਅਦ ਇਕ ਦਿਨ ਕਰਨਲ ਸਾਬ ਕਹਿਣ ਲੱਗੇ ।

**Well Saint Attar Singh ji....**ਹਮਨੇ ਦੇਖ ਲੀਆ ਤੁਮ ਪੱਕਾ ਖੁੱਦਾ ਕਾ ਨੌਕਰ ਹੋ ਗਯਾ,ਪਲਟਣ ਸੇ ਤੁਮਾਰੀ ਛੁੱਟੀ ਹਮ ਤੁਮ ਪਰ ਬਹੁਤ ਖੁਸ਼ ਹੈਂ। ਸੰਨ੍ਹ 1927 ਨੂੰ ਸੱਠ ਵਰ੍ਹਿਆਂ ਦੀ ਆਯੂ ਭੋਗ ਕੇ ਮਹਾਂਪੁਰਸ਼ ਅਕਾਲ ਪੁਰਖ ਵਿਚ ਅਭੇਦ ਹੋ ਗਏ,ਅੱਜ ਮਹਾਂਪੁਰਸ਼ਾਂ ਦੀ ਬਰਸੀ ਹੈ। ਸਿੱਖੀ ਸੇਵਾ ਬੰਦਗੀ ਦਾ ਪ੍ਰਤਾਪ ਹੈ ਇਕ ਸਦੀ ਬੀਤਣ ਦੇ ਬਾਅਦ ਵੀ ਮਹਾਂਪੁਰਸ਼ਾਂ ਦਾ ਨਾਮ ਹਰੇਕ ਸਿੱਖ ਦੀ ਜਬਾਨ ਤੇ ਹੈ । ਮਹਾਂਪੁਰਸ਼ਾਂ ਦੀ 97 ਵੀ ਬਰਸੀ ਹੈ,ਨਿੰਦਕਾਂ ਨੂੰ ਜਿਊਂਦਿਆਂ ਕੋਈ ਨਹੀ ਜਾਣਦਾ ।

ਸ਼ਮਸ਼ੇਰ ਸਿੰਘ ਜੇਠੂਵਾਲ

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਅੰਤਰ-ਰਾਸ਼ਟਰੀ ਪੰਜਾਬ ਸੱਭਿਆਚਾਰ ਪ੍ਰਮੋਸ਼ਨ ਤਹਿਤ ਸ਼ਾਨਦਾਰ ਸਮਾਰੋਹ ਆਯੋਜਿਤ

**ਪੰਜਾਬ ਦੀ ਜਵਾਨੀ ਨੂੰ ਨਸ਼ਾ ਮੁਕਤ ਕਰਨ ਲਈ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਮਾਇਮ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਕਲਾਕਾਰਾਂ ਵੱਲੋਂ ਪੇਸ਼ ਕੀਤੇ ਗਏ ਪੰਜਾਬੀ ਸੱਭਿਆਚਾਰਕ ਗੀਤ ਪ੍ਰੋਗਰਾਮ ਦਾ ਵਿਸ਼ੇਸ਼ ਆਰਕਸ਼ਣ ਰਹੇ**









ਤਲਵੰਡੀ ਸਾਬੋ, 31ਜਨਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਸੱਭਿਆਚਾਰ ਬਾਰੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਵਸਨੀਕਾਂ ਨੂੰ ਜਾਣੂ ਕਰਵਾਉਣ ਲਈ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਵੱਲੋਂ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ-ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਦੇ ਮਾਰਗ ਦਰਸ਼ਨ ਹੇਠ ਅੰਤਰ-ਰਾਸ਼ਟਰੀ ਪੰਜਾਬ ਸੱਭਿਆਚਾਰਕ ਪ੍ਰਮੋਸ਼ਨ ਕੌਂਸਲ ਦੇ ਸਹਿਯੋਗ ਨਾਲ ਮੈਕਸਿਕੋ ਦੇ ਕਲਾਕਾਰਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਡਾ. ਬਾਵਾ ਨੇ ਕਲਾਕਾਰਾਂ ਦੇ ਫਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਆਯੋਜਨਾਂ ਨਾਲ ਸਾਡਾ ਸੱਭਿਆਚਾਰ, ਸਾਡੇ ਰੀਤੀ ਰਿਵਾਜ, ਸਾਡੀ ਪਰੰਪਰਾਵਾਂ ਦੂਜੇ ਦੇਸ਼ਾਂ ਦੇ ਨਿਵਾਸੀਆਂ ਤੱਕ ਪਹੁੰਚਦੀਆਂ ਹਨ ਤੇ ਦੂਜੇ ਦੇਸ਼ਾਂ ਦੀ ਸੰਸਕ੍ਰਿਤੀ ਬਾਰੇ ਸਾਡੇ ਲੋਕਾਂ ਨੂੰ ਜਾਣਕਾਰੀ ਮਿਲਦੀ ਹੈ। ਜਿਸ ਸਦਕਾ ਆਪਸੀ ਪ੍ਰੇਮ, ਪਿਆਰ ਤੇ ਭਾਈਚਾਰਾ ਵੱਧਦਾ ਹੈ ।ਸਮਾਰੋਹ ਵਿੱਚ ਡਾ. ਬੇਅੰਤ ਕੌਰ ਦੀ ਅਗਵਾਈ ਵਿੱਚ ਜੀ.ਕੇ.ਯੂ ਦੇ ਕਲਾਕਾਰਾਂ ਨੇ ਪੰਜਾਬੀ ਲੋਕ ਨਾਚ ਗਿੱਧਾ, ਭੰਗੜਾ ਪੇਸ਼ ਕੀਤਾ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਹੋ ਰਹੇ ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਤੇ ਵਿਅੰਗ ਕਰਦੀ ਸਕਿਟ ਨੇ ਤਾੜੀਆਂ ਦੇ ਨਾਲ-ਨਾਲ ਦਰਸ਼ਕਾਂ ਦੀਆਂ ਅੱਖਾਂ ਗਿੱਲੀਆਂ ਕੀਤੀਆਂ। ਪੰਜਾਬ ਦੀ ਜਵਾਨੀ ਨੂੰ ਨਸ਼ਾ ਮੁਕਤ ਕਰਨ ਲਈ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਮਾਇਮ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਕਲਾਕਾਰਾਂ ਵੱਲੋਂ ਪੇਸ਼ ਕੀਤੇ ਗਏ ਪੰਜਾਬੀ ਸੱਭਿਆਚਾਰਕ ਗੀਤ ਪ੍ਰੋਗਰਾਮ ਦਾ ਵਿਸ਼ੇਸ਼ ਆਰਕਸ਼ਣ ਰਹੇ। ਪੰਜਾਬੀ ਗਭਰੂਆਂ ਵੱਲੋਂ ਖੇਡੇ ਗਏ ਗਤਕੇ ਨੇ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ। ਮੈਕਸਿਕੋ ਦੇ ਕਲਾਕਾਰਾਂ ਵੱਲੋਂ ਸੁਰ-ਤਾਲ ਤੇ ਰਵਾਇਤੀ ਪਹਿਰਾਵੇ ਵਿੱਚ ਪੇਸ਼ ਕੀਤੇ ਗਏ ਲੋਕ ਨਾਚ ਨੇ ਪੰਜਾਬੀ ਦਰਸ਼ਕਾਂ ਨੂੰ ਨੱਚਣ ਲਈ ਮਜ਼ਬੂਰ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਇੱਕ ਨਜ਼ਰ



## ਬਠਿੰਡਾ 'ਚ ਸਹਿਕਾਰਤਾ ਆਡਿਟ ਵਿਭਾਗ ਪੰਜਾਬ ਵੱਲੋਂ ਸਲਾਨਾ ਭੰਡਾਰੇ ਮੌਕੇ ਲਗਾਇਆ ਲੰਗਰ

ਬਠਿੰਡਾ, 31 ਜਨਵਰੀ (ਗੁਰਜੰਟ ਸਿੰਘ ਨਥੇਹਾ)– ਪੰਜਾਬ ਸਰਕਾਰ ਦੇ ਕੋਆਪਰੇਟਿਵ ਸਹਿਕਾਰਤਾ ਆਡਿਟ ਵਿਭਾਗ ਵੱਲੋਂ ਬਠਿੰਡਾ ਵਿਖੇ ਭੁਪੇਸ਼ ਗੋਇਲ ਆਡਿਟ ਅਫ਼ਸਰ ਬਠਿੰਡਾ ਦੀ ਅਗਵਾਈ ਹੇਠ ਚਿਲਡਰਨ ਪਾਰਕ ਨੇੜੇ ਹਰ ਸਾਲ ਦੀ ਤਰ੍ਹਾਂ ਸਲਾਨਾ ਭੰਡਾਰਾ ਕਰਵਾਇਆ ਗਿਆ। ਜਿਸ ਵਿੱਚ ਛੋਲੇ ਪੂਰੀਆਂ ਤੇ ਖੀਰ ਦਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਸਬੰਧੀ ਭੁਪੇਸ਼ ਕੁਮਾਰ ਆਡਿਟ ਅਫਸਰ ਬਠਿੰਡਾ ਅਤੇ ਅਕਾਲਜੀਤ ਕੌਰ ਸੀਨੀਅਰ ਅਸਿਸਟੈਂਟ ਨੇ ਦੱਸਿਆ ਕਿ ਸਰਕਾਰ ਦੇ ਕੋਆਪਰੇਟਿਵ ਆਡਿਟ ਵਿਭਾਗ ਅਧੀਨ ਆਉਂਦੇ ਸਹਿਕਾਰੀ ਸਭਾਵਾਂ ਮਾਰਕਫੈਡ, ਕੋਆਪਰੇਟਿਵ ਬੈਂਕ ਅਤੇ ਸਾਰੇ ਸਰਕਾਰੀ ਅਦਾਰਿਆਂ ਦਾ ਆਡਿਟ ਸਾਡੇ ਵਿਭਾਗ ਵੱਲੋਂ ਕੀਤਾ ਜਾਂਦਾ ਹੈ। ਉਹਨਾਂ ਵੱਲੋਂ ਸਹਿਕਾਰਤਾ ਆਡਿਟ ਵਿਭਾਗ ਸਟਾਫ ਦੇ ਸਹਿਯੋਗ ਨਾਲ ਸਲਾਨਾ ਭੰਡਾਰਾ ਕਰਵਾਇਆ ਗਿਆ ਹੈ ਜਿਸ ਵਿੱਚ ਸਾਰੇ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ, ਲੋੜਵੰਦਾਂ ਲਈ ਛੋਲੇ ਪੂੜੀਆਂ ਅਤੇ ਖੀਰ ਦਾ ਅਟੁੱਟ ਲੰਗਰ ਵਰਤਾਇਆ ਗਿਆ। ਉਹਨਾਂ ਕਿਹਾ ਕਿ ਐਸਾ ਕਰਨ ਨਾਲ ਉਹਨਾਂ ਨੂੰ ਆਤਮਿਕ ਖੁਸ਼ੀ ਮਿਲਦੀ ਹੈ। ਇਸ ਮੌਕੇ ਭੁਪੇਸ਼ ਕੁਮਾਰ ਆਡਿਟ ਅਫ਼ਸਰ ਬਠਿੰਡਾ, ਪ੍ਰਦੀਪ ਕੁਮਾਰ ਆਡਿਟ ਅਫ਼ਸਰ ਮਾਨਸਾ, ਬਲਦੇਵ ਸਿੰਘ ਸੁਪਰਡੈਂਟ ਬਠਿੰਡਾ, ਸੁਰਿੰਦਰ ਗਰਗ ਸੀਨੀਅਰ ਆਡੀਟਰ, ਮੁਰਲੀ ਮਨੋਹਰ ਸੀਨੀਅਰ ਆਡੀਟਰ, ਰਾਜੀਵ ਗੁਪਤਾ ਸੀਨੀਅਰ ਆਡੀਟਰ, ਸੰਜੀਵ ਕੁਮਾਰ ਸੀਨੀਅਰ ਆਡੀਟਰ, ਨਵਨੀਤ ਦੁੱਗਲ ਸੀਨੀਅਰ ਆਡੀਟਰ, ਅਕਾਲਜੀਤ ਕੌਰ ਸੀਨੀਅਰ ਅਸਿਸਟੈਂਟ, ਅਰਵਿੰਦਰ ਸਿੰਘ ਆਡਿਟ ਇੰਸਪੈਕਟਰ ਸਟਾਫ ਯੂਨੀਅਨ ਪ੍ਰਧਾਨ, ਸਿਧਾਂਤ ਗੋਇਲ ਉਪ ਪ੍ਰਧਾਨ, ਇਕਬਾਲ ਸਿੰਘ ਆਡਿਟ ਇੰਸਪੈਕਟਰ, ਮਨੀ ਗੁਪਤਾ ਆਡਿਟ ਇੰਸਪੈਕਟਰ, ਕਰਮਿੰਦਰ ਸਿੰਘ ਆਡਿਟ ਇੰਸਪੈਕਟਰ, ਅਸ਼ੀਸ਼ ਕੁਮਾਰ ਆਡਿਟ ਇੰਸਪੈਕਟਰ, ਰਮਨਜੀਤ ਕੌਰ ਆਡਿਟ ਇੰਸਪੈਕਟਰ, ਸਨੈਣਾ ਖਿੱਪਲ ਆਡਿਟ ਇੰਸਪੈਕਟਰ, ਗਗਨਦੀਪ ਕੌਰ ਆਡਿਟ ਇੰਸਪੈਕਟਰ, ਪੂਜਾ ਸੋਨੀ ਆਡਿਟ ਇੰਸਪੈਕਟਰ ਅਤੇ ਸਮੂਹ ਸਟਾਫ ਵੱਲੋਂ ਭਰਵੀਂ ਹਾਜ਼ਰੀ ਲਗਵਾਈ।


## ਰਾਮ ਰਹੀਮ ਦੀ ਪੈਰੋਲ' ਚ ਵਾਧਾ ਕਰਨਾ'ਤੇ ਸਿੱਖ ਬੰਦੀ ਸਿੰਘਾਂ ਨੂੰ ਅੱਖੋਂ ਪਰੋਖੇ ਕਰਨਾ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਦਿਵਾਉਣਾ : ਬੀਬੀ ਰਣਜੀਤ ਕੌਰ

ਨਵੀਂ ਦਿੱਲੀ 31 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਹਰਿਆਣਾ ਸਰਕਾਰ ਵਲੋਂ ਡੇਰਾ ਸੱਚਾ ਸੌਦਾ ਮੁਖੀ



ਜ਼ਬਰਜਿਨਾਹ ਅਤੇ ਕੱਤਲ ਵਰਗੇ ਗੰਭੀਰ ਅਪਰਾਧਾਂ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਦੀ ਮਿਆਦ 50 ਦਿਨਾਂ ਦੇ ਨਾਲ 10 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ । ਤੇ ਦੂਜੇ ਪਾਸੇ ਸਿੱਖ ਬੰਦੀ ਸਿੰਘ ਜੋ ਪਿਛਲੇ 30–35 ਸਾਲਾਂ ਤੋਂ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਹਨ ਉਨ੍ਹਾਂ ਨੂੰ ਜਮਾਨਤਾਂ ਤਾਂ ਦੂਰ ਇਕ ਦਿਨ ਲਈ ਵੀ ਪੈਰੋਲ/ਫਰਲੋ ਨਹੀਂ ਦਿੱਤੀ ਜਾ ਰਹੀ ਹੈ ਤੇ ਨਾਲ ਹੀ ਸਿੱਖਾਂ ਨਾਲ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਉਂਦਿਆਂ ਸਿੱਖ ਪੰਥ ਦੀ ਸ਼੍ਰੋਮਣੀ ਜਥੇਬੰਦੀ ਐਸਜੀਪੀਸੀ ਵਲੋਂ ਕੇਂਦਰ ਸਰਕਾਰ ਦੇ ਗ੍ਰਿਹਮੰਤਰਾਲੇ ਨੂੰ ਬੰਦੀ ਸਿੰਘਾਂ ਲਈ ਲਿਖੀਆਂ ਚਿਠੀਆਂ ਦਾ ਜੁਆਬ ਦੇਣਾ ਤਾਂ ਦੂਰ ਮਿਲਣ ਲਈ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ ਹੈ । ਬੀਬੀ ਰਣਜੀਤ ਕੌਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਨੇ ਮੀਡੀਆ ਨੂੰ ਜਾਰੀ ਆਪਣੇ ਬਿਆਨ ਰਾਹੀਂ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੌਜੂਦਾ ਸਰਕਾਰ ਵੱਲੋਂ ਵਾਰ–ਵਾਰ ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ ਦਿੱਤੀ ਜਾ ਰਹੀ ਹੈ, ਪਰ ਦੂਸਰੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਉਨਾਂ ਨੂੰ ਜੇਲ੍ਹਾਂ ਵਿੱਚ ਰੱਖਿਆ ਜਾ ਰਿਹਾ ਹੈ। ਜਿਸ ਤੋਂ ਸਾਫ਼ ਜਾਹਿਰ ਹੈ ਕਿ ਘੱਟ ਗਿਣਤੀਆਂ ਨੂੰ ਕਾਨੂੰਨ ਅਨੁਸਾਰ ਵੀ ਨਿਆਂ ਨਹੀਂ ਮਿਲਦਾ ਤੇ ਇੱਕ ਡੇਰਾ ਮੁਖੀ ਜੋ ਕਿ ਸਜ਼ਾ ਜਾਫਤਾ ਹੈ ਅਤੇ ਗੰਭੀਰ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ, ਉਸ ਨੂੰ ਸਿਰਫ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਵਾਰ–ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਦੇਸ਼ ਦੀ ਨਿਆਂ ਪ੍ਰਣਾਲੀ ਤੇ ਸੁਆਲ ਚੁੱਕਦਿਆਂ ਕਿਹਾ ਕਿ ਇੱਕ ਅਪਰਾਧੀ ਨੂੰ ਵਾਰ–ਵਾਰ ਪੈਰੋਲ ਮਿਲਣ ਨਾਲ ਕਿਤੇ ਨਾ ਕਿਤੇ ਨਿਆਂ ਪ੍ਰਣਾਲੀ 'ਤੇ ਵੀ ਸਵਾਲ ਖੜੇ ਹੁੰਦੇ ਹਨ, ਕਿਉਂਕਿ ਇਸ ਤਰ੍ਹਾਂ ਮੁਜ਼ਲਮ ਦੇ ਦਿਲ ਤੋਂ ਕਾਨੂੰਨ ਦਾ ਡਰ ਨਿਕਲ ਜਾਂਦਾ ਹੈ ਤੇ ਓਹ ਸਮਝਦਾ ਹੈ ਕਿ ਜਿੰਨਾਂ ਮਰਜ਼ੀ ਵੱਡਾ ਜ਼ੁਲਮ ਕਰ ਲਓ ਪਰ ਸਰਕਾਰ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਬੰਦੀ ਸਿੰਘਾਂ ਨੂੰ ਤਾਂ 30 ਤੋਂ 35 ਸਾਲ ਵੀ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਜੇਲ੍ਹਾਂ ਤੋਂ ਬਾਹਰ ਹੀ ਨਹੀਂ ਕੱਢਿਆ ਜਾ ਰਿਹਾ। ਆਖ਼ਿਰ ਕਦੋ ਤਕ ਸਿੱਖਾਂ ਨੂੰ ਦੂਜੇ ਦਰਜ਼ੇ ਦੇ ਨਾਗਰਿਕ ਹੋਣ ਦੇ ਅਹਿਸਾਸ ਨਾਲ ਗੁਲਾਮਾਂ ਵਾਲਾ ਵਰਤਾਵ ਜਾਰੀ ਰਹੇਗਾ. ?

## ਇੰਟਰਨੈਸ਼ਨਲ ਪੰਥਕ ਦਲ ਵੱਲੋਂ ਫ਼ਿਰੋਜ਼ਪੁਰ ਦੇ ਨਵੇਂ ਆਏ ਐੱਸ ਐੱਸ ਪੀ ਸੋਮੀਆ ਮਿਸ਼ਰਾ ਨੂੰ ਆਖਿਆ ਜੀ ਆਇਆਂ



ਫਿਰੋਜ਼ਪੁਰ, 31 ਜਨਵਰੀ (ਆਵਾਜ਼ਿ ਕੌਮ ਬਿਊਰੋ)– ਅੱਜ ਫਿਰੋਜ਼ਪੁਰ ਦੇ ਨਵੇਂ ਆਏ ਐੱਸ.ਐੱਸ.ਪੀ ਸ੍ਰੀਮਤੀ ਸੋਮੀਆ ਮਿਸ਼ਰਾ ਨੂੰ ਆਹੁਦਾ ਸੰਭਾਲਣ ਤੇ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਜੀ ਆਇਆਂ ਆਖਿਆ ਗਿਆ। ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਬਾਬਾ ਸਤਨਾਮ ਸਿੰਘ ਵੱਲੀਆਂ ਨੇ ਐੱਸ ਐੱਸ ਪੀ ਸ੍ਰੀਮਤੀ ਸੋਮੀਆ ਮਿਸ਼ਰਾ ਨੂੰ ਇਲਾਕੇ ਦੀਆਂ ਦਰਪੇਸ਼ ਮਸਲਿਆਂ ਬਾਰੇ ਜਾਣੂ ਕਰਵਾਇਆ। ਇਸ ਐੱਸ ਐੱਸ ਪੀ ਸ੍ਰੀ ਮਤੀ ਸੋਮੀਆ ਮਿਸ਼ਰਾ ਨੇ ਬਾਬਾ ਜੀ ਨੂੰ ਭਰੋਸਾ ਦਿਵਾਇਆ ਕਿ ਜ਼ਲ੍ਹਿੇ ਦੀਆਂ ਸਾਰੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨੂੰ ਇਨਸਾਫ ਦਿੱਤਾ ਜਾਵੇਗਾ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

# ਚੌਪਹਿਰਾ ਸਮਾਗਮਾਂ 'ਚ ਭਾਰੀ ਹਾਜ਼ਰੀ ਸੰਗਤ ਦੀ ਗੁਰੂਘਰ ਪ੍ਰਤੀ ਆਸਥਾ ਦਾ ਪ੍ਰਮਾਣ

**ਪਰ ਮੈਂ ਹੈਰਾਨ ਹਾਂ ਕਿ ਸਿੱਖ ਕੌਮ ਨਾਲ ਇੰਨੀ ਨਜ਼ਦੀਕੀ ਸਾਂਝ ਰੱਖਣ ਵਾਲੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿਚ ਬੰਦੀ ਸਿੰਘ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਕਟੌਤੀ ਮਾਮਲੇ 'ਚ ਦੋ ਟੁੱਕ ਜਵਾਬ ਦਿੱਤਾ ਗਿਆ....**



ਇਹ ਇਕ ਸੁੱਖਦ ਵਰਤਾਰਾ ਹੈ ਕਿ ਅੱਜ ਦੇਹਧਾਰੀ ਗੁਰੂ ਡੰਮ੍ਹ, ਪਖੰਡੀ ਡੇਰੇਦਾਰ ਅਤੇ ਝੂਠੇ ਸਾਧਾਂ ਤੋਂ ਤੇਜ਼ੀ ਨਾਲ ਮੋਹ ਭੰਗ ਹੋ ਕੇ ਸਿੱਖ ਸਮਾਜ ਦਾ ਵੱਡਾ ਹਿੱਸਾ ਸੰਗਤੀ ਰੂਪ 'ਚ ਗੁਰੂਘਰ ਪ੍ਰਤੀ ਸ਼ਰਧਾ, ਪ੍ਰੇਮ ਅਤੇ ਭਰੋਸੇ ਦਾ ਵੱਧ ਚੜ੍ਹ ਕੇ ਪ੍ਰਗਟਾਵਾ ਕਰ ਰਹੀਆਂ ਹਨ। ਕੌਮਾਂਤਰੀ ਪ੍ਰਸਿੱਧੀ ਹਾਸਲ ਅਤੇ ਸਿੱਖ ਕੌਮ ਦਾ ਹੀ ਨਹੀਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਦੀ ਆਸਥਾ ਦਾ ਮਹਾਨ ਧਾਰਮਿਕ ਤੇ ਰੂਹਾਨੀਅਤ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਜਿਸ ਦੇ ਦਰਸ਼ਨ ਇਸ਼ਨਾਨ ਲਈ ਹਰੇਕ ਧਾਰਮਿਕ ਜਿਗਿਆਸੂ ਮਨ ਵਿਚ ਲੋਚਾ ਰੱਖਦਾ ਹੈ, 'ਤੇ ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਹੀ ਭਾਰੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਲਈ ਪਹੁੰਚ ਰਹੀਆਂ ਹਨ। ਸ਼ਨੀ– ਐਤਵਾਰ ਅਤੇ ਗੁਰਪੁਰਬ ਤੋਂ ਇਲਾਵਾ ਵਿਸ਼ੇਸ਼ ਦਿਨ ਤਿਉਹਾਰ ਵਾਲੇ ਦਿਹਾੜਿਆਂ 'ਚ ਸ੍ਰੀ ਦਰਬਾਰ ਸਾਹਿਬ ਵਿਚ ਪੈਰ ਰੱਖਣ ਲਈ ਵੀ ਜਗਾ ਨਹੀਂ ਹੁੰਦੀ ਅਤੇ ਦਰਸ਼ਨਾਂ ਲਈ ਲੰਮੀ ਲਾਈਨ ਹੁੰਦੀ ਹੈ। ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਅਸਥਾਨਾਂ 'ਤੇ ਚੌਪਹਿਰਾ ਸਾਹਿਬ ਸਮਾਗਮਾਂ ਦੀ ਅੱਜ ਕਲ ਵਿਸ਼ੇਸ਼ ਚਰਚਾ ਹੋ ਰਹੀ ਹੈ। ਜਿੱਥੇ ਹਰ ਐਤਵਾਰ ਲੱਖਾਂ ਸੰਗਤਾਂ ਚੌਪਹਿਰਿਆਂ 'ਚ ਹਾਜ਼ਰੀ ਲਵਾ ਰਹੀਆਂ ਹਨ। ਬਾਬਾ ਦੀਪ ਸਿੰਘ ਜੀ ਸ਼ਹੀਦ, ਜਿਨ੍ਹਾਂ ਦਾ ਜਨਮ ਦਿਹਾੜਾ ਆਪਾਂ 27 ਜਨਵਰੀ ਨੂੰ ਮਨਾਇਆ ਅਤੇ 10 ਫਰਵਰੀ ਨੂੰ ਸ਼ਹੀਦੀ ਦਿਹਾੜਾ ਮਨਾਉਣ ਜਾ ਰਹੇ ਹਾਂ, ਨੇ ਦਮਦਮਾ ਸਾਹਿਬ ਵਿਖੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸੰਪੂਰਨਤਾ ਸਮੇਂ ਵਿਸ਼ੇਸ਼ ਸੇਵਾ ਨਿਭਾਈ, ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਹੱਥੀਂ ਉਤਾਰਾ ਕਰਨ ਦੀ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਮਿਸਲਾਂ ਨਾਲ ਸਹਿਯੋਗ ਕਰਦਿਆਂ ਔਖੇ ਸਮੇਂ ਸਿੱਖ ਪੰਥ ਦੀ ਅਗਵਾਈ ਕੀਤੀ। ਅਠਾਰਵੀਂ ਸਦੀ ਦੇ ਅੱਧ ਭਾਵ 1757 ਈਸਵੀ ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਵੱਲੋਂ ਕੀਤੀ ਗਈ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਕਰਨ ਦੀ ਖ਼ਬਰ ਮਿਲੀ ਤਾਂ ਇਸ ਪਾਵਨ ਅਸਥਾਨ ਨੂੰ ਅਜ਼ਾਦ ਕਰਾਉਣ ਲਈ ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਅਰਦਾਸ ਕਰਨ ਉਪਰੰਤ ਜਥੇ ਦੇ ਸਿੰਘਾਂ ਸਮੇਤ ਨਗਾਰਿਆਂ 'ਤੇ ਚੋਟਾਂ ਲਾਉਂਦਿਆਂ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤਾ ਸੀ। ਸ੍ਰੀ ਅੰਮ੍ਰਿਤਸਰ ਤੋਂ ਕੁਝ ਦੂਰ ਤਰਨ ਤਾਰਨ ਵਲ ਪਿੰਡ ਗੋਹਲਵੜ ਅਤੇ ਚੱਬਾ ਕੋਲ ਅਫ਼ਗਾਨੀ ਫ਼ੌਜਾਂ ਨਾਲ ਸਿੰਘਾਂ ਦਾ ਆਹਮੋ ਸਾਹਮਣੇ ਭਾਰੀ ਘਮਸਾਣ ਦਾ ਜੰਗ ਹੋਇਆ, ਜਿੱਥੇ ਹੁਣ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ ਉਸ ਅਸਥਾਨ 'ਤੇ ਬਾਬਾ ਦੀਪ ਸਿੰਘ ਜੀ ਅਤੇ ਅਫ਼ਗਾਨੀ ਕਮਾਂਡਰ ਦੇ ਸੀਸ ਸਾਂਝੇ ਵਾਰ ਨਾਲ ਲੱਥ ਗਏ। ਬਾਬਾ ਜੀ ਦਾ ਸੀਸ ਅਲੱਗ ਹੋ ਜਾਣ ਸਦਕਾ ਧੜ ਜ਼ਮੀਨ ਤੇ ਡਿੱਗ ਪਿਆ ਤਾਂ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਵੱਲ ਬੇਨਤੀ ਕੀਤੀ ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ, ਸੀਸ ਸੁਧਾਸਰ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਨਾ ਹੈ, ਇਹ ਹੁਣ ਕੀ ਭਾਣਾ ਵਰਤਾਇਆ ਜੇ ? ਸੁਧਾ ਸਰ ਦੋ ਕੋਹ ਦੂਰ ਹੈ।

'ਆਗੇ ਏਕ ਧਰਮ ਸਿੰਘ ਕਹਯੋ, ਬਚਨ ਤੁਮਾਰਾ ਦੀਪ ਸਿੰਘ ਰਹਯੋ'

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆ ਗਿਆ ਤੇ ਉਹਨਾਂ ਆਪਣਾ ਪਾਵਨ ਸ਼ੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਅਠਾਰ੍ਹਾਂ ਸੇਰ ਦਾ ਖੰਡਾ ਸੱਜੇ ਹੱਥ 'ਚ ਲੈ ਕੇ ਵਾਹੁੰਦੇ ਹੋਏ ਲੜਨ ਲੱਗੇ। ਇਹ ਦੇਖ ਅਫ਼ਗਾਨੀ ਸੈਨਾ ਨੂੰ ਭਾਜੜਾਂ ਪੈ ਗਈਆਂ। ਬਾਬਾ ਜੀ ਦੁਸ਼ਮਣ ਦੇ ਆਹੂ ਲਾ ਰਹੇ ਸਨ। ਪਿੱਛੇ ਪਿੱਛੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਜੌਹਰ ਨਾਲ ਲੜ ਰਹੇ ਸਨ। ਬਾਬਾ ਦੀਪ ਸਿੰਘ ਜੀ ਲੜਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ ਤਾਂ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ 'ਚ ਜਿੱਥੇ ਗੁਰਦੁਆਰਾ ਸ਼ਹੀਦ ਬੁੰਗਾ ਹੈ, ਪਹੁੰਚ ਕੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ।

ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਅੰਮ੍ਰਿਤਸਰ ਚਾਟੀਵਿੰਡ ਕੋਲ ਗੁਰਦੁਆਰਾ ਸ਼ਹੀਦ ਗੰਜ ਸੁਭਾਏਮਾਨ ਹੈ। ਇਹ ਪਵਿੱਤਰ ਅਸਥਾਨ ਪਿਛਲੀ ਢਾਈ ਸਦੀ ਤੋਂ ਸਿੱਖ ਪੰਥ ਲਈ ਸ਼ਰਧਾ, ਦ੍ਰਿੜ੍ਹਤਾ, ਸੇਵਾ ਸਿਮਰਨ ਅਤੇ ਕੁਰਬਾਨੀ ਦੀ ਪ੍ਰੇਰਨਾ ਸ਼ਕਤੀ ਦਾ ਪ੍ਰਮੁੱਖ ਸਰੋਤ ਰਿਹਾ ਹੈ। ਜਿੱਥੇ ਰੋਜ਼ਾਨਾ ਅਣਗਿਣਤ ਸੰਗਤਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਨੂੰ ਸਿੱਜਦਾ ਕਰਨ ਆਉਂਦੇ ਹਨ। ਅੰਮ੍ਰਿਤਸਰ ਵਿਚ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਜਿਸ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਅਤੇ ਸ਼ਹੀਦੀ ਅਸਥਾਨ ਗੁਰਦੁਆਰਾ ਟਾਹਲਾ ਸਾਹਿਬ, ਚੱਬਾ (ਤਰਨ ਤਾਰਨ ਰੋਡ) ਅੰਮ੍ਰਿਤਸਰ ਸਾਹਿਬ ਤੋਂ ਇਲਾਵਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਮਾਡਲ ਟਾਊਨ ਲੁਧਿਆਣਾ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਗੰਗਾਨਗਰ ਰਾਜਸਥਾਨ ਅੱਜ ਚੌਪਹਿਰਾ ਸਮਾਗਮ ਦੇ ਕੇਂਦਰ ਬਣੇ ਹੋਏ ਹਨ। ਇਨ੍ਹਾਂ ਅਸਥਾਨਾਂ 'ਤੇ ਹਰ ਐਤਵਾਰ ਚੌਪਹਿਰਾ ਸਮਾਗਮ ਸੰਗਤ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। ਲੱਖਾਂ ਸੰਗਤਾਂ ਚੌਪਹਿਰਾ ਕੱਟਣ ਆਉਂਦੀਆਂ ਹਨ। ਚੌਪਹਿਰਾ ਗੁਰੂ ਸਾਹਿਬਾਨ ਜਾਂ ਬਾਬਾ ਦੀਪ ਸਿੰਘ ਜੀ ਵੱਲੋਂ ਸਥਾਪਿਤ ਪੁਰਾਤਨ ਮਰਯਾਦਾ ਜਾਂ ਵਿਧੀ ਨਹੀਂ ਹੈ। ਪਰ ਇਹ ਅਜੋਕੇ ਪਦਾਰਥਵਾਦੀ ਯੁੱਗ ਸਮੇਂ ਐਤਵਾਰ ਵਰਗੇ ਛੁੱਟੀ ਵਾਲੇ ਦਿਨ ਰੁਝੇਵਿਆਂ ਅਤੇ ਕੰਮਕਾਜ ਤੋਂ ਸਮਾਂ ਕੱਢ ਕੇ ਗੁਰੂਘਰ ਨਾਲ ਜੁੜ ਕੇ ਸਤਸੰਗ ਕਰਨ ਦੀ ਇਕ ਵਿਵਸਥਾ ਜ਼ਰੂਰ ਹੈ। ਜਿਸ ਨੂੰ ਕੁਝ ਗੁਰਸਿੱਖ ਸਿੱਖ ਸੰਗਤਾਂ ਵੱਲੋਂ ਸ਼ੁਰੂ ਕੀਤਾ ਗਿਆ। ਜਿੱਥੇ ਹਰੇਕ ਐਤਵਾਰ ਨੂੰ ਚੌਥੇ ਪਹਿਰ ਭਾਵ ਦੁਪਹਿਰੇ 12 ਵਜੇ ਤੋਂ ਸ਼ਾਮ ਦੇ 4 ਵਜੇ ਤਕ ਚੌਪਹਿਰਾ ਕੱਟੇ ਜਾਂਦੇ ਹਨ। ਇਹ ਸਮਾਗਮ ਮੂਲ ਮੰਤਰ ਨਾਲ ਆਰੰਭ ਹੁੰਦਾ ਹੈ ਅਤੇ ਜਪੁਜੀ ਸਾਹਿਬ ਦੇ ਪੰਜ ਪਾਠ, ਚੌਪਈ ਸਾਹਿਬ ਦੇ ਦੋ ਪਾਠ, ਸ੍ਰੀ ਸੁਖਮਨੀ ਸਾਹਿਬ ਸਾਹਿਬ ਦਾ ਪਾਠ ਅਤੇ 6 ਪੌੜੀਆਂ ਅਨੰਦ ਸਾਹਿਬ ਦੇ ਪਾਠ ਉਪਰੰਤ ਅਰਦਾਸ ਅਤੇ ਹੁਕਮਨਾਮਾ – ਮੁਖਵਾਕ ਲਿਆ ਜਾਂਦਾ ਹੈ, ਇਸ ਤੋਂ ਬਾਅਦ ਕੜਾਹ ਪ੍ਰਸਾਦਿ ਦੀ ਦੇਗ ਵਰਤਾਏ ਜਾਣ ਨਾਲ ਸਮਾਪਤੀ ਹੁੰਦੀ ਹੈ। ਚੌਪਹਿਰਾ ਜਪ–ਤਪ ਅਤੇ ਸਿਮਰਨ ਸਮਾਗਮ ਹੈ। ਜਿੱਥੇ ਕੱਚੀ ਬਾਣੀ ਦੀ ਕੋਈ ਭੂਮਿਕਾ ਨਹੀਂ ਹੁੰਦੀ। ਲੱਖਾਂ ਸੰਗਤਾਂ ਦੀ ਆਮਦ ਨਾਲ ਗੁਰਦੁਆਰਿਆਂ 'ਚ ਪ੍ਰਬੰਧ ਛੋਟੇ ਅਤੇ ਫਿੱਕੇ ਪੈਂਦੇ ਹਨ। ਜਿੱਥੇ ਦੂਰ ਨੇੜੇ, ਦਿਲੀ, ਕਲਕੱਤਾ ਅਤੇ ਮੁੰਬਈ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਵੀ ਸੰਗਤਾਂ ਹਾਜ਼ਰੀ ਲਵਾਉਂਦੀਆਂ ਹਨ। ਆਪਣੀ ਹਾਜ਼ਰੀ ਲਵਾਉਣ ਲਈ ਕਈ ਤਾਂ ਸਵੇਰ ਤੋਂ ਹੀ ਨਹੀਂ ਸਗੋਂ ਇਕ ਦਿਨ ਪਹਿਲਾਂ ਜਗਾ ਮੱਲ ਕੇ ਬੈਠ ਜਾਂਦੇ ਹਨ। ਬਚੇ ਬੁੱਢੇ ਅਤੇ ਔਰਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਣ ਅਤੇ ਸ਼ਰਧਾ ਵੱਸ ਗੁਰਦੁਆਰਿਆਂ ਤੋਂ ਬਾਹਰ ਲੰਗਰ ਹਾਲ, ਕਾਰ ਪਾਰਕਿੰਗ ਅਤੇ ਇੱਥੋਂ ਤਕ ਕਿ ਸੜਕ 'ਤੇ ਬੈਠਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ ਹਨ। ਨਾ ਉਹਨਾਂ ਨੂੰ ਧੁੱਪ ਦੀ ਪਰਵਾਹ ਹੈ ਨਾ ਮੀਂਹ ਹਨੇਰੀ ਜਾਂ ਠੰਡ ਦੀ। ਸੜਕ 'ਤੇ ਗੱਡੀਆਂ ਕਾਰਾਂ ਲਈ ਤਾਂ ਕੀ ਸਾਈਕਲ ਮੋਟਰਸਾਈਕਲ ਲਈ ਵੀ ਦੂਰ ਦੂਰ ਤਕ ਥਾਂ ਨਹੀਂ ਹੁੰਦੀ। ਸੁਭਾਵਕ ਜਾਮ ਲਗਦੇ ਹਨ। ਚੌਪਹਿਰਾ ਕੱਟਣ ਲਈ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਵਰਗਾ ਇਕੱਠ ਹਰ ਵਾਰ ਅਲੌਕਿਕ ਨਜ਼ਾਰਾ ਪੇਸ਼ ਕਰਦਾ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਪ੍ਰਸੰਨਤਾ ਲੈਣ 'ਚ ਹਰ ਕੋਈ ਆਪਣੇ ਆਪ ਨੂੰ ਭਾਗਾਂ ਵਾਲਾ ਅਤੇ ਖ਼ੁਸ਼ਨਸੀਬ ਸਮਝ ਦਾ ਹੈ। ਗੁਰਬਾਣੀ ਪੜ੍ਹਨ ਸਿਮਰਨ ਕਰਨ ਦੀ ਇੱਛਾ ਚਾਹੇ ਕਿਸੇ ਦੁਨਿਆਵੀ ਪਦਾਰਥ ਨੂੰ ਮੁੱਖ ਰੱਖ ਕੇ ਹੀ ਜਾਗੇ ਪਰ ਜੇਕਰ ਇੱਕ ਵਾਰ ਕੋਈ ਇਸ ਰਾਹੇ ਪੈ ਗਿਆ ਹਿਰਦੇ 'ਤੇ ਗੁਰਬਾਣੀ ਨੇ ਅਸਰ ਕਰ ਹੀ ਜਾਣਾ ਹੁੰਦਾ। ਜਦੋਂ ਤੱਕ ਹਿਰਦੇ 'ਚ ਵੈਰਾਗ ਨਹੀਂ ਉਪਜਦਾ ਉਦੋਂ ਤੱਕ ਗੁਰੂਘਰ ਜਾਣ ਦਾ, ਸੇਵਾ ਕਰਨ ਦਾ, ਨਿੱਤਨੇਮ ਕਰਨ ਜਾਂ ਸਿਮਰਨ ਕਰਨ ਦਾ ਹੰਕਾਰ ਉਪਜਣਾ ਸੁਭਾਵਕ ਹੈ। ਪਰ ਜਦੋਂ ਗੁਰੂ ਕਿਰਪਾ ਨਾਲ ਸਾਧਕ ਦੇ ਹਿਰਦੇ ਚ ਵੈਰਾਗ ਉਪਜਣਾ ਸ਼ੁਰੂ ਹੋ ਜਾਂਦਾ ਹੈ ਫਿਰ ਹੰਕਾਰ ਉਸ ਨੂੰ ਤੰਗ ਨਹੀਂ ਕਰ ਸਕਦਾ। ਗੁਰੂ ਕਿਰਪਾ ਤੋਂ ਬਿਨਾ ਹੰਕਾਰ ਰੂਪੀ ਅੜਿੱਕਾ ਪਾਰ ਕਰਨਾ ਅਸੰਭਵ ਹੈ । ਸੋ ਗੁਰੂ ਸਾਹਿਬ ਜੀ ਦੇ ਚਰਨਾਂ ਚ ਬਾਰ ਬਾਰ ਨਿਮਾਣੇ ਹੋ ਅਰਦਾਸ ਬੇਨਤੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਚੌਪਹਿਰੇ 'ਚ ਸੰਗਤਾਂ ਦੀ ਭਾਰੀ ਆਮਦ ਦੇਖ ਕੁਝ ਲੋਕਾਂ ਅਤੇ ਅਖੌਤੀ ਪ੍ਰਚਾਰਕਾਂ 'ਚ ਇਸ ਪ੍ਰਤੀ ਵਿਰੋਧੀ ਭਾਵਨਾਵਾਂ ਹੀ ਨਹੀਂ, ਸਗੋਂ ਗੁਰੂਘਰ ਦੇ ਦੋਖੀ ਤੇ ਨਿੰਦਕਾਂ ਦੀਆਂ ਤਕਲੀਫ਼ ਨਾਲ 'ਚੀਕਾਂ' ਵੀ ਨਿਕਲ ਦੀਆਂ ਹਨ। ਕਈ ਅਖੌਤੀ ਪ੍ਰਚਾਰਕ ਤਾਂ ਸੰਗਤ ਵਿਚ ਦੁਬਿਧਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵੀ ਕਰਦੇ ਦੇਖੇ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੌਪਹਿਰੇ ਦੀ ਗੁਰਮਤਿ 'ਚ ਕੋਈ ਵਿਧੀ ਵਿਧਾਨ ਜਾਂ ਮਰਯਾਦਾ ਨਹੀਂ, ਇਸ ਲਈ ਇਹ ਮਨਮਤ ਹੈ, ਵਹਿਮ ਹੈ। ਪਰ ਅਸਲੀਅਤ ਤਾਂ ਇਹ ਹੈ ਕਿ ਗੁਰੂਘਰ ਅਤੇ ਬਾਣੀ ਪ੍ਰਤੀ ਸੰਗਤ ਦੀ ਅਥਾਹ ਸ਼ਰਧਾ ਦੇਖ ਕੇ ਸ਼ਾਹਿਦ ਇਹਨਾਂ ਅਖੌਤੀ ਪ੍ਰਚਾਰਕਾਂ ਨੂੰ ਆਪਣੀਆਂ ਦੁਕਾਨਦਾਰੀਆਂ ਬੰਦ ਹੋਣ ਦਾ ਡਰ ਸਤਾ ਰਹੇ ਹਨ। ਵਰਨਾ, ਅਕਾਲ ਪੁਰਖ ਦੀ ਉਸਤਤ ਕਰਨ, ਗੁਰੂ ਦਾ ਓਟ ਆਰਾ ਲੈਣ ਅਤੇ ਗੁਰੂ ਚਰਨਾਂ 'ਚ ਮਿਲ ਬੈਠ ਕੇ ਸੰਗਤੀ ਰੂਪ ਵਿਚ ਬਾਣੀ ਪੜ੍ਹਨ ਅਤੇ ਇਕ ਮਨ ਇਕ ਚਿੱਤ ਲਾ ਕੇ ਸਿਮਰਨ ਕਰਨ 'ਚ ਮਨਮਤ ਦਾ ਸਵਾਲ ਹੀ ਕਿਥੋਂ ਪੈਦਾ ਹੁੰਦਾ ਹੈ ? ਨੌਜਵਾਨ ਕੁਰਾਹੇ ਪੈਣ ਦੀ ਥਾਂ ਹੁੰਮ੍ਹ ਹੁੰਮਾ ਕੇ ਗੁਰੂਘਰ 'ਚ ਜਾ ਕੇ ਪ੍ਰੇਮ ਨਾਲ ਭਿੱਜ ਕੇ ਬਾਣੀ ਪੜ੍ਹ ਦੇ ਹਨ ਤਾਂ ਇਸ 'ਚ ਮਾੜਾ ਕੀ ਹੈ ? ਇਸ ਨਾਲ ਸੰਥਿਆ ਵੀ ਹੋ ਜਾਂਦੀ ਹੈ। ਇਨ੍ਹਾਂ ਆਲੋਚਕਾਂ ਨੂੰ ਬੰਦਾ ਪੁੱਛੇ, ਸਿੱਖ ਗੁਰੂ 'ਤੇ ਭਰੋਸਾ ਨਾ ਰੱਖੇ ਤਾਂ ਕਿਸ 'ਤੇ ਰੱਖੇ ?

''ਆਵਹੁ ਸਿੱਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥''

ਸੰਗਤਾਂ ਦਾ ਵਿਸ਼ਵਾਸ ਹੈ ਕਿ ਚੌਪਹਿਰੇ ਸਮਾਗਮਾਂ 'ਹਾਜ਼ਰੀ ਲਵਾਉਣ ਨਾਲ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਭਾਈ ਜੀ ਮਨੋਕਾਮਨਾਵਾਂ ਪੂਰੀਆਂ ਕਿਉਂ ਨਾ ਹੋਣ ? ਦਿਲ ਤੇ ਰੂਹ ਨੂੰ ਸਕੂਨ ਕਿਉਂ ਨਾ ਮਿਲੇ ? ਇਥੇ ਕੋਈ ਪਖੰਡ ਨਹੀਂ, ਕਿਸੇ ਵਿਅਕਤੀ ਵਿਸ਼ੇਸ਼ ਦੀ ਪੂਜਾ ਨਹੀਂ, ਸੰਗਤਾਂ ਗੁਰੂ ਦੇ ਲੜ੍ਹ ਲੱਗੀਆਂ ਹੋਈਆਂ ਹਨ। ਬਾਣੀ ਪੜ੍ਹ ਕੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੇ ਚਰਨਾਂ 'ਚ ਅਰਦਾਸ ਬੇਨਤੀਆਂ ਹੁੰਦੀਆਂ ਹਨ। ਗੁਰੂ ਸਾਹਿਬ ਦੀ ਰਹਿਮਤ ਹੋ ਰਹੀ ਹੁੰਦੀ ਹੈ। ਜ਼ਿੰਦਗੀ 'ਚ ਹਾਰਾਂ ਦੀ ਇਹ ਦਵਾ ਹੈ। ਵੈਸੇ ਤਾਂ ਗੁਰਸਿੱਖ ਦਾ ਪ੍ਰਥਮ ਆਸਰਾ ਹੀ ਗੁਰਬਾਣੀ ਤੇ ਗੁਰੂ ਚਰਨ ਹੀ ਹਨ ਪਰ ਫੇਰ ਵੀ ਜੇ ਕੋਈ ਭੁੱਲ ਭੁਲੇਖੇ ਵਿੱਚ ਸਿਧਾਂਤ ਤੋਂ ਥਿੜਕ ਜਾਵੇ ਤਾਂ ਉਸ ਦਾ ਭਲਾ ਇੱਥੇ ਗੁਰੂ ਚਰਨਾਂ ਵਿੱਚ ਝੋਲੀ ਅੱਡ ਕੇ ਹੀ ਹੋਵੇਗਾ। ਸਤਿਗੁਰੂ ਅੱਗੇ ਸਦਾ ਹੀ ਅਰਦਾਸ ਕਰੀਏ ਕਿ ਗ਼ਰੀਬ ਨਿਵਾਜ ਜੀ ਕਿਰਪਾ ਕਰਨ ਜਿੱਥੇ ਸਾਨੂੰ ਤਨ ਦੀ ਹਾਜ਼ਰੀ ਨਸੀਬ ਹੋਵੇ ਉੱਥੇ ਨਾਲ ਨਾਲ ਮਨ ਕਰਕੇ, ਸੁਰਤ ਕਰਕੇ ਵੀ ਸਦਾ ਸਤਿਗੁਰੂ ਦੇ ਚਰਨ ਕਮਲਾਂ ਦਾ ਪਿਆਰ ਪ੍ਰਾਪਤ ਹੁੰਦਾ ਰਹੇ। ਸੱਚ ਤਾਂ ਇਹੀ ਹੈ ਕਿ ਚੌਪਹਿਰਿਆਂ 'ਚ ਸੰਗਤਾਂ ਬੜੀ ਵੱਡੀ ਤਾਦਾਦ ਵਿੱਚ ਸਤਿਗੁਰੂ ਸਾਹਿਬ ਜੀ ਦੀ ਰਹਿਮਤ ਸਦਕਾ ਗੁਰਬਾਣੀ ਨਾਲ ਜੁੜ ਰਹੀਆਂ ਹਨ ਅਤੇ ਗੁਰੂ ਪਿਆਰ ਵਿਚ ਭਿੱਜੀਆਂ ਸੰਗਤਾਂ ਹਰ ਪਲ ਦਾ ਲਾਹਾ ਲੈ ਰਹੀਆਂ ਹਨ। ਗੁਰੂ ਸਾਹਿਬ ਸੰਗਤਾਂ ਨੂੰ ਆਪਣੀਆਂ ਰਹਿਮਤਾਂ ਨਾਲ ਨਿਵਾਜ ਦੇ ਰਹਿਣ !

**ਪ੍ਰੋ. ਸਰਚਾਂਦ ਸਿੰਘ ਖਿਆਲਾ**

## ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ ਕੱਲ੍ਹ: ਕਮੇਟੀ ਮੈਂਬਰ



ਫ਼ਿਰੋਜ਼ਪੁਰ, 31 ਜਨਵਰੀ (ਮਨੋਹਰ ਲਾਲ): ਅਨੋਖੇ ਅਮਰ ਸ਼ਹੀਦ ਅਤੇ ਦਮਦਮੀ ਟਕਸਾਲ ਦੇ ਬਾਨੀ ਧੰਨ–ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੱਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਦੀ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀ ਇਸਤਰੀ ਸਤਸੰਗ ਸਭਾ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਸਰਪ੍ਰਸਤ ਭਾਈ ਜ਼ਸਪਾਲ ਸਿੰਘ ਤੇ ਸਕੱਤਰ ਕਿੱਕਰ ਸਿੰਘ ਸੰਧੂ ਨੇ ਦੱਸਿਆ ਕਿ ਪਿਛਲੇ ਤਕਰੀਬਨ 15 ਦਿਨਾਂ ਤੋਂ ਜ਼ੋ ਇਸਤਰੀ ਸਤਸੰਗ ਸਭਾ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਚੱਲ ਰਹੀ ਸੀ, ਉਸਦੀ ਸੰਪੂਰਨਤਾ 2 ਫਰਵਰੀ ਦਿਨ ਸ਼ੁਕਰਵਾਰ ਨੂੰ ਸ਼ਾਮ ਤਕਰੀਬਨ 5 ਵਜੇ ਹੋਵੇਗੀ, ਉਪਰੰਤ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਕਮੇਟੀ ਮੈਂਬਰਾਂ ਨੇ ਅੱਗੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਇਲਾਕੇ ਦੀ ਧਾਰਮਿਕ ਸਖਸ਼ੀਅਤ ਭਗਤ ਬਾਬਾ ਮਿਲਖਾ ਸਿੰਘ ਜੀ ਅਰਮਾਨਪੁਰੇ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਹੋਵੇਗਾ। ਇਸ ਸਮੇਂ ਉਪਰੋਕਤ ਆਗੂਆਂ ਤੋਂ ਇਲਾਵਾ ਸੁਰਜੀਤ ਸਿੰਘ, ਗੁਰਦਰਸ਼ਨ ਸਿੰਘ ਬਾਬਾ, ਅਨੂਪ ਸਿੰਘ, ਪ੍ਰਗਟ ਸਿੰਘ, ਸੁਖਬੀਰ ਸਿੰਘ ਸੰਧੂ, ਅਜਮੇਰ ਸਿੰਘ, ਰਾਮ ਲੁਭਾਇਆ, ਗੁਰਨਾਮ ਸਿੰਘ, ਸੁਖਦੇਵ ਸਿੰਘ, ਜਗਦੀਸ਼ ਲਾਲ ਬਜਾਜ, ਨਿਰਮਲ ਸਿੰਘ ਦੁਲਚੀਕੇ, ਜ਼ੋਗਿੰਦਰ ਸਿੰਘ, ਪਿੱਪਲ ਸਿੰਘ ਸਿੱਧੂ, ਬਲਦੇਵ ਸਿੰਘ ਕੋਟੀਆ ਆਦਿ ਆਗੂ ਹਾਜ਼ਰ ਸਨ।

# ਇੱਕ ਨਜ਼ਰ



## ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਨੇ ਘੇਰਿਆ ਵਿਧਾਇਕ ਦਾ ਬਾਰ

ਫ਼ਿਰੋਜ਼ਪੁਰ, 31 ਜਨਵਰੀ (ਮਨੋਹਰ ਲਾਲ) : ਆਪਣੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰਦੇ ਆ ਰਹੇ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਅੱਜ ਮਿਥੇ ਪ੍ਰੋਗਰਾਮ ਤਹਿਤ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਦਾ ਬਾਰ ਘੇਰਿਆ। ਰੋਹ ਮੁਜ਼ਾਹਰਾ ਕਰ ਰਹੇ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਆਗੂਆਂ ਨੇ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਟਾਲ–ਮਟੋਲ ਵਾਲਾ ਵਤੀਰਾ ਅਪਣਾ ਰਹੀ ਹੈ, ਜਿਸ ਕਰਕੇ ਮੁਲਾਜ਼ਮਾਂ ਅੰਦਰ ਰੋਹ ਦੀ ਲਹਿਰ ਫੈਲ ਰਹੀ ਹੈ। ਇਸ ਰੋਹ ਮੁਜ਼ਾਹਰੇ ਦੀ ਅਗਵਾਈ ਜਥੇਬੰਦੀ ਦੇ ਕੋਆਰਡੀਨੇਟਰ ਸੁਬੇਗ ਸਿੰਘ ਵੱਲੋਂ ਕੀਤੀ ਗਈ, ਜਦੋਂ ਕਿ ਜ਼ਿਲ੍ਹਾ ਫਰੰਟ ਦੀਆਂ 10 ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕਰਕੇ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਇਸ ਮੌਕੇ ਆਗੂਆਂ ਵੱਲੋਂ ਵਿਧਾਇਕ ਰਜਨੀਸ਼ ਦਹੀਆ ਨੂੰ ਆਪਣੀਆਂ ਮੰਗਾਂ ਨੂੰ ਦਰਸਾਉਂਦਾ ਇਕ ਮੰਗ ਪੱਤਰ ਵੀ ਦਿੱਤਾ ਗਿਆ।

## ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਹੋਈ ਮੀਟਿੰਗ



ਫ਼ਿਰੋਜ਼ਪੁਰ, 31 ਜਨਵਰੀ (ਮਨੋਹਰ ਲਾਲ) : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਦੀ ਮੀਟਿੰਗ ਸਨ ਵਿਲਾ ਪੈਲੇਸ ਫ਼ਿਰੋਜ਼ਪੁਰ ਛਾਉਣੀ ਵਿਖੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਆਗੂਆਂ ਨੇ ਬੋਲਦਿਆਂ ਹੋਇਆ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਲਈ ਸਬਸਿਡੀ ਉਪਰ ਮਸ਼ੀਨਾਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਦੇ ਚਾਰ ਬਾਦ ਦੁਬਾਰਾ ਜਾਂਚ ਕਰਨ ਤੇ 90ਪ੍ਰਤੀਸ਼ਤ ਤੋਂ ਵੱਧ ਮਸ਼ੀਨਾਂ ਕਿਸਾਨਾਂ ਕੋਲ ਉਪਲਬਧ ਪਾਈਆਂ ਗਈਆਂ ਕੇਵਲ 100 ਪ੍ਰਤੀਸ਼ਤ ਤੋਂ ਘੱਟ ਮਸ਼ੀਨਾਂ ਦੱਸੇ ਪਤੇ ਨਹੀਂ ਮਿਲੀਆਂ ਉਹਨਾਂ ਸੰਦਾ ਵਿੱਚ ਤਕਨੀਕੀ ਨੁਸਕ ਹੋਣ ਕਾਰਨ ਕਿਸਾਨਾਂ ਨੇ ਓਹ ਸੰਦ ਵੇਚ ਦਿੱਤੇ ਜਾ ਓਹਨਾ ਕਿਸਾਨਾਂ ਕੋਲ ਛੋਟੇ ਟਰੈਕਟਰ ਹੋਣ ਕਾਰਨ ਕਿਸਾਨਾਂ ਨੇ ਓਹ ਵੇਚ ਦਿੱਤੇ ਪੰਜਾਬ ਸਰਕਾਰ ਸਰਕਾਰ ਕਿਸਾਨਾ ਨੂੰ ਖੇਤੀ ਬਾੜੀ ਸੰਦਾ ਦੇਣ ਵਿਚ ਨਾਕਾਮ ਰਹੀ ਹੈ ਆਪਣੀ ਨਾਕਾਮੀ ਨੂੰ ਛਪਾਉਣ ਲਈ ਖੇਤੀ ਬਾੜੀ ਦੇ ਕੁਝ ਅਧਿਕਾਰੀਆਂ ਨੂੰ ਕਾਰਣ ਦੱਸੋ ਨੋਟਿਸ ਭੇਜ ਕੇ ਤੰਗ ਪਰੇਸ਼ਾਨ ਕਰ ਰਹੀ ਹੈ ਜਥੇਬੰਦੀ ਵੱਲੋਂ ਸਰਕਾਰ ਦੇ ਇਸ ਫੈਸਲੇ ਤੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਜੇ ਪੰਜਾਬ ਸਰਕਾਰ ਇਹਨਾਂ ਹਰਕਤਾਂ ਤੋਂ ਬਾਜ ਨਾ ਆਈ ਤਾਂ ਆਉਣ ਵਾਲੇ ਸਮੇਂ ਵਿਚ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਵੱਡਾ ਸੰਘਰਸ਼ ਕਰਨ ਦੀ ਚਿਤਾਵਨੀ ਦਿੱਤੀ ਹੈ ਕੁਲਰੀਆਂ ਜ਼ਿਲਾ ਮਾਨਸਾ ਵਿੱਚ ਬੁਢਲਾਡਾ ਡੀ ਐਸ ਐਸ ਦਫਤਰ ਵਿਚ ਪੱਕੇ ਮੋਰਚੇ ਵਿਚ ਜ਼ਿਲਾ ਫਿਰੋਜ਼ਪੁਰ ਵੱਲੋਂ 2 ਫਰਵਰੀ ਨੂੰ ਸੈਕੜੇ ਕਿਸਾਨਾਂ ਸਮੇਤ ਹਾਜ਼ਰੀ ਭਰੀ ਜਾਵੇਗੀ ਇਸ ਮੌਕੇ ਜ਼ਿਲਾ ਖ਼ਜ਼ਾਨਚੀ ਜੰਗੀਰ ਸਿੰਘ ਖਹਿਰਾ ਜ਼ਿਲਾ ਮੈਂਬਰ ਸ਼ਮਸ਼ੇਰ ਸਿੰਘ ਸਹਿਜਾਦੀ ਬਲਾਕ ਪ੍ਰਧਾਨ ਜ਼ੀਰਾ ਤੋਂ ਪਰਨੀਤ ਸਿੰਘ ਭੜਾਣਾ ਗੁਰਚਰਨ ਸਿੰਘ ਨਾਜੂਸ਼ਾਹ ਵਾਲਾ ਡਾਕਟਰ ਪਰਮਜੀਤ ਸਿੰਘ ਪ੍ਰੇਮ ਸਿੰਘ ਸੁਰ ਸਿੰਘ ਵਾਲਾ ਘੱਲ ਬਲਾਕ ਤੋਂ ਰੇਸ਼ਮ ਸਿੰਘ ਸਾਹਿਬ ਸਿੰਘ ਵਾੜਾ ਭਾਈ ਕਾ ਅੰਮ੍ਰਿਤ ਸਿੰਘ ਮਮਦੋਟ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਜਗਤਾਰ ਸਿੰਘ ਭੱਟੀਆਂ ਹਰਜੀਤ ਸਿੰਘ ਗੱਟੀ ਹਰਬੰਸ ਸਿੰਘ ਜੋਧਪੁਰ ਮਹਿਲ ਸਿੰਘ ਸੋਨੂੰ ਉਪਲ ਗੁਰੂ ਹਰ ਸਹਾਏ 2 ਬਲਾਕ ਪ੍ਰਧਾਨ ਮਾਸਟਰ ਪੂਰਨ ਚੰਦ ਜੀ ਸਤਨਾਮ ਚੰਦ ਮੰਗਲ ਦਾਸ ਸੁਖਦੇਵ ਸਿੰਘ ਗੁਰੂ ਹਰ ਸਹਾਏ 1 ਬਲਾਕ ਤੋਂ ਸੰਦੀਪ ਸਿੰਘ ਇਕਬਾਲ ਸਿੰਘ ਫ਼ਿਰੋਜ਼ਪੁਰ ਬਲਾਕ ਤੋਂ ਅਮਰੀਕ ਸਿੰਘ ਪੱਲ੍ਹਾ ਮੇਘਾ ਮੱਘਰ ਸਿੰਘ ਜੋਗਿੰਦਰ ਸਿੰਘ ਨੂਰਪੁਰ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਗੁਰਮੀਤ ਸਿੰਘ ਬੁੱਟਰ ਤੇ ਹੋਰਾਂ ਨੂੰ ਸੇਵਾ ਮੁਕਤ ਹੋਣ 'ਤੇ ਕੀਤਾ ਸਨਮਾਨਤ

ਅੰਮ੍ਰਿਤਸਰ, 31 ਜਨਵਰੀ-(ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅੱਜ ਸੇਵਾ ਮੁਕਤ ਹੋਏ ਵਧੀਕ ਸਕੱਤਰ ਸ. ਗੁਰਮੀਤ ਸਿੰਘ ਬੁੱਟਰ, ਇੰਚਾਰਜ ਸ. ਗੁਲਜ਼ਾਰ ਸਿੰਘ ਤੇ ਮੈਨੇਜਰ ਸ. ਬਘੇਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸਾਡੇ ਲਈ ਵੱਡੇ ਭਾਗਾਂ ਦੀ ਗੱਲ ਹੈ ਕਿ ਗੁਰੂ ਘਰ ਵਿਚ ਡਿਊਟੀ ਕਰਦਿਆਂ ਜਿਥੇ ਅਸੀਂ ਆਪਣਾ ਪਰਿਵਾਰਕ ਨਿਰਬਾਹ ਕਰਦੇ ਹਾਂ ਉਥੇ ਸਾਨੂੰ ਸੇਵਾ ਕਮਾਉਣ ਦਾ ਮੌਕਾ ਵੀ ਮਿਲਦਾ ਹੈ। ਉਨ੍ਹਾਂ ਸੇਵਾ ਮੁਕਤ ਹੋਏ ਅਧਿਕਾਰੀਆਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਦੀਆਂ ਗਤੀਵਿਧੀਆਂ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਸਹਿਯੋਗ ਕਰਦੇ ਰਹਿਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਬੂਹ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਿਜੈ ਸਿੰਘ, ਸ. ਤੇਜਿੰਦਰ ਸਿੰਘ ਪੱਡਾ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਰਾਜਿੰਦਰ ਸਿੰਘ ਰੂਬੀ ਅਟਾਰੀ, ਇੰਚਾਰਜ ਸ. ਮੇਜਰ ਸਿੰਘ, ਸ. ਅਜ਼ਾਦਦੀਪ ਸਿੰਘ, ਸ. ਗੁਰਦੀਪ ਸਿੰਘ, ਸ. ਬਹਾਲ ਸਿੰਘ, ਸਹਾਇਕ ਸੁਪ੍ਰਿੰਟੈਂਡੈਂਟ ਸ. ਸੁਰਜੀਤ ਸਿੰਘ ਰਾਣਾ ਅਤੇ ਸੇਵਾ ਮੁਕਤ ਕਰਮਚਾਰੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।



# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਦੇ ਖਿਲਾਫ ਤਿੱਖੇ ਕੀਤੇ

**■ ਮਾਲਵਾ ਖੇਤਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 4 ਫਰਵਰੀ ਨੂੰ ਮਲੋਟ ਵਿਖੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਬੂਹੇ ਅੱਗੇ ਕਰਨਗੀਆਂ ਰੋਸ ਪ੍ਰਦਰਸ਼ਨ**



ਤਲਵੰਡੀ ਸਾਬੋ, 31 ਜਨਵਰੀ (ਗੁਰਜੰਟ ਸਿੰਘ ਨਥੇਹਾ)– ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਦੇ ਖਿਲਾਫ ਸੰਘਰਸ਼ ਦਾ ਬਿਗੁਲ ਵਜਾਉਂਦਿਆਂ ਆਪਣੇ ਤੇਵਰ ਤਿੱਖੇ ਕਰ ਲਏ ਹਨ ਤੇ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਨਾਲ ਸਬੰਧਿਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 4 ਫਰਵਰੀ ਦਿਨ ਐਤਵਾਰ ਨੂੰ ਮਲੋਟ ਵਿਖੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਬੂਹੇ ਅੱਗੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਨਗੀਆਂ। ਜਦੋਂ ਕਿ ਦੁਆਬਾ ਅਤੇ ਮਾਝਾ ਖੇਤਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਇਸੇ ਦਿਨ ਆਪੋ ਆਪਣੇ ਬਲਾਕਾਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕਣਗੀਆਂ। ਉਪਰੋਕਤ ਜਾਣਕਾਰੀ ਯੂਨੀਅਨ ਦੀ ਬਲਾਕ ਤਲਵੰਡੀ ਸਾਬੋ ਬਲਾਕ ਪ੍ਰਧਾਨ ਸਤਵੰਤ ਕੌਰ ਰਾਮਾਂ ਨੇ ਦਿੱਤੀ। ਉਹਨਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਅਤੇ ਪੰਜਾਬ ਸਰਕਾਰ ਦੇ ਮਾੜੇ ਵਤੀਰੇ ਕਰਕੇ ਜਥੇਬੰਦੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਜਿਸ ਕਰਕੇ ਉਹਨਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਨ ਜੀ ਓ ਬਲਾਕਾਂ ਵਿੱਚ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ (ਖਾਸ ਕਰਕੇ ਬਾਲ ਭਲਾਈ ਕੌਂਸਲ) ਦਾ 1 ਸਾਲ ਦਾ ਸਟੇਟ ਫੰਡ ਦਾ ਮਾਣ ਭੱਤਾ ਬਕਾਇਆ ਖੜ੍ਹਾ ਹੈ। ਸਮਾਜ ਭਲਾਈ ਬੋਰਡ ਦੀਆਂ ਵਰਕਰਾਂ ਹੈਲਪਰਾਂ ਦਾ ਸਟੇਟ ਅਤੇ ਸੈਂਟਰ ਦਾ ਫੰਡ ਚਾਰ ਮਹੀਨਿਆਂ ਦਾ ਬਕਾਇਆ ਖੜ੍ਹਾ ਹੈ। ਜਥੇਬੰਦੀ ਦੀ ਮੰਗ ਹੈ ਕਿ ਇਹਨਾਂ ਦਾ ਮਾਣ ਭੱਤਾ ਦਿੱਤਾ ਜਾਵੇ ਅਤੇ ਇਹਨਾਂ ਨੂੰ ਸਟੇਟ ਵੱਲੋਂ ਕੱਟੇ ਗਏ 18 ਮਹੀਨਿਆਂ ਦਾ ਏਰੀਅਰ ਜੋ ਦੂਜੀਆਂ ਵਰਕਰਾਂ ਤੇ ਹੈਲਪਰਾਂ ਨੂੰ ਦਿੱਤਾ ਗਿਆ ਹੈ ਉਹ ਵੀ ਤੁਰੰਤ ਦਿੱਤਾ ਜਾਵੇ ਅਤੇ ਅੱਗੇ ਤੋਂ ਇਹਨਾਂ ਦਾ ਮਾਣ ਭੱਤਾ ਹਰ ਮਹੀਨੇ ਦੀ ਸੱਤ ਤਰੀਕ ਤੱਕ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਇਹ ਅੱਠੇ ਬਲਾਕ ਐਨਜੀਓ ਤੋਂ ਵਾਪਸ ਲੈ ਕੇ ਵਿਭਾਗ ਵਿੱਚ ਮਰਜ ਕੀਤੇ ਜਾਣ। ਇਸੇ ਤਰ੍ਹਾਂ ਪੰਜਾਬ ਵਿੱਚ ਕੰਮ ਕਰਦੀਆਂ ਸਾਰੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪਿਛਲੇਂ ਤਿੰਨ ਮਹੀਨਿਆਂ ਦਾ ਸੈਂਟਰ ਫੰਡ ਨਹੀਂ ਦਿੱਤਾ ਗਿਆ। ਇਹ ਸੈਂਟਰ ਫੰਡ ਤੁਰੰਤ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣ ਭੱਤੇ ਦੇ ਸੈਂਟਰ ਅਤੇ ਸਟੇਟ ਦੇ ਬਿੱਲ ਇਕੋ ਵਾਰ ਕਲੀਅਰ ਕਰਵਾ ਕੇ ਇਕੱਠਾ ਦਿੱਤਾ ਜਾਵੇ ਅਤੇ ਇਸ ਦੀ ਅਦਾਇਗੀ ਹਰ ਮਹੀਨੇ ਦੀ 3 ਤਰੀਕ ਤੱਕ ਹੋ ਜਾਣੀ ਚਾਹੀਦੀ ਹੈ। ਆਂਗਣਵਾੜੀ ਕੇਂਦਰਾਂ ਦੇ ਕਿਰਾਏ ਦਾ ਭੁਗਤਾਨ ਤੁਰੰਤ ਕੀਤਾ ਜਾਵੇ ਜੋ ਲਗਭਗ ਇਕ ਸਾਲ ਤੋਂ ਰੁਕਿਆ ਪਿਆ ਹੈ। ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਵਰਦੀ ਭੱਤਾ ਰਲੀਜ਼ ਕੀਤਾ ਜਾਵੇ। ਪੀ ਐਮ ਐਮ ਵੀ ਵਾਈ ਅਤੇ ਸੀ ਬੀ ਈ ਦੇ ਪੈਸੇ ਹਰ ਮਹੀਨੇ ਦਿੱਤੇ ਜਾਣ ਅਤੇ ਰਹਿੰਦੇ ਹੋਏ ਪੈਸਿਆਂ ਦਾ ਤੁਰੰਤ ਭੁਗਤਾਨ ਕੀਤਾ ਜਾਵੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਮੈਡੀਕਲ ਛੁੱਟੀ ਇਕ ਮਹੀਨੇ ਦੀ ਜਿਸ ਤਰ੍ਹਾਂ ਪਹਿਲਾਂ ਦਿੱਤੀ ਜਾਂਦੀ ਸੀ ਉਸੇ ਤਰ੍ਹਾਂ ਹੀ ਦਿੱਤੀ ਜਾਵੇ। ਆਂਗਣਵਾੜੀ ਸੈਂਟਰਾਂ ਦੇ ਖੋਹੇ ਗਏ ਬੱਚੇ ਵਾਪਸ ਆਂਗਣਵਾੜੀ ਸੈਂਟਰਾਂ 'ਚ ਭੇਜੇ ਜਾਣ। ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ। ਮਿੰਨੀ ਆਂਗਣਵਾੜੀ ਕੇਂਦਰਾਂ ਨੂੰ ਪੂਰੇ ਵਿੱਚ ਤਬਦੀਲ ਕੀਤਾ ਜਾਵੇ। ਜ਼ਿਲ੍ਹਾ ਹੁਸ਼ਿਆਰਪੁਰ, ਫਾਜ਼ਲਿਕਾ ਅਤੇ ਫਿਰੋਜ਼ਪੁਰ ਵਿੱਚ ਐਨ ਜੀ ਓ ਨੂੰ ਰਾਸ਼ਨ ਦਿੱਤਾ ਗਿਆ ਹੈ। ਜਥੇਬੰਦੀ ਇਸ ਦਾ ਵਿਰੋਧ ਕਰਦੀ ਹੈ ਤੇ ਇਹ ਰਾਸ਼ਨ ਵਾਪਸ ਲਿਆ ਜਾਵੇ। ਉਹਨਾਂ ਕਿਹਾ ਕਿ ਉਕਤ ਜ਼ਲਿ ਵਿਚੋਂ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਜਥੇਬੰਦੀ ਵੱਲੋਂ ਉਲੀਕੇ ਗਏ ਇਹਨਾਂ ਪ੍ਰੋਗਰਾਮਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣਗੀਆਂ।

# ਈ.ਵੀ.ਐਮ ਚੋਣ ਪ੍ਰਣਾਲੀ ਖਤਮ ਕਰਕੇ ਬੈਲਟ ਪੇਪਰ ਰਾਹੀ ਦੇਸ਼ 'ਚ ਅਮਨ ਚੈਨ ਕਾਇਮ ਰੱਖਿਆ ਜਾਵੇ: ਟਿਵਾਣਾ

**■ ਪਾਰਟੀਆਂ ਤੇ ਆਗੂਆਂ ਦੇ ਗੁਲਾਮੀ ਵਾਲੇ ਝਮੇਲੇ ਨੂੰ ਅਲਵਿਦਾ ਕਹਿਕੇ ਐਮ.ਪੀ ਜਾਂ ਐਮ.ਐਲ.ਏ. ਲੜਨ ਵਾਲੀਆ ਸਖਸੀਅਤਾਂ ਦੇ ਅਮਲੀ ਕਿਰਦਾਰ ਨੂੰ ਮੁੱਖ ਰੱਖਕੇ ਹੀ ਆਪੋ ਆਪਣੇ ਵੋਟ ਹੱਕ ਦੀ ਵਰਤੋ ਕਰਨੀ ਪਵੇਗੀ**



ਨਵੀਂ ਦਿੱਲੀ, 31 ਜਨਵਰੀ (ਆਵਾਜ਼ਿ ਕੌਮ ਬਿਊਰੋ): ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੀਡੀਆ ਸਲਾਹਕਾਰ ਤੇ ਮੁੱਖ ਸਿਆਸੀ ਬੁਲਾਰੇ ਸ. ਇਕਬਾਲ ਸਿੰਘ ਟਿਵਾਣਾ ਨੇ ਕਿਹਾ ਕਿ ਮੁਲਕ ਦੇ ਸੂਝਵਾਨ ਦੂਰਅੰਦੇਸੀ, ਮਨੁੱਖਤਾ ਦੀ ਬਿਹਤਰੀ ਲੋੜਨ ਵਾਲੀਆ ਸਖਸੀਅਤਾਂ ਅਤੇ ਬੁੱਧੀਜੀਵੀਆਂ ਵੱਲੋਂ ਮੁਲਕੀ ਪੱਧਰ 'ਤੇ ਬਾਦਲੀਲ ਢੰਗ ਨਾਲ ਜੋ ਇਸ ਦੋਸ ਪੂਰਨ ਚੋਣ ਪ੍ਰਣਾਲੀ ਨੂੰ ਬਦਲ ਕੇ, ਬੈਲਟ ਪੇਪਰ ਰਾਹੀ ਵੋਟ ਪਵਾਉਣ ਲਈ ਲਹਿਰ ਖੜ੍ਹੀ ਕੀਤੀ ਜਾ ਰਹੀ ਹੈ, ਇਸ ਅੰਦੋਲਨ ਨੂੰ ਸਭ ਧਾਰਮਿਕ, ਸਿਆਸੀ, ਸਮਾਜਿਕ ਸੰਗਠਨਾਂ ਵੱਲੋ ਸਮੂਹਿਕ ਰੂਪ ਵਿਚ ਦ੍ਰਿੜਤਾ ਤੇ ਸੰਜੀਦਗੀ ਨਾਲ ਬਲ ਦੇਣਾ ਚਾਹੀਦਾ ਹੈ। ਇਸ ਈ.ਵੀ.ਐਮ ਚੋਣ ਪ੍ਰਣਾਲੀ ਨੂੰ ਖਤਮ ਕਰਕੇ ਬੈਲਟ ਪੇਪਰ ਰਾਹੀ ਉੱਚੇ ਸੁੱਚੇ ਇਖਲਾਕ ਵਾਲੀਆਂ ਸਖਸੀਅਤਾਂ ਨੂੰ ਹਰ ਤਰ੍ਹਾਂ ਦੇ ਹਕੂਮਤੀ ਪ੍ਰਬੰਧ ਸੌਂਪ ਕੇ ਜਮਹੂਰੀਅਤ ਤੇ ਅਮਨ ਚੈਨ ਨੂੰ ਕਾਇਮ ਰੱਖਿਆ ਜਾ ਸਕੇ ।ਉਨ੍ਹਾਂ ਨੇ ਈ.ਵੀ.ਐਮ ਚੋਣ ਪ੍ਰਣਾਲੀ 'ਚ ਬੀਤੇ ਸਮੇਂ ਦੇ ਅਤੇ ਮੌਜੂਦਾ ਸਮੇਂ ਦੇ ਹੁਕਮਰਾਨਾਂ ਵੱਲੋ ਵੱਡੇ ਪੱਧਰ ਤੇ ਇਨ੍ਹਾਂ ਮਸੀਨਾਂ ਵਿਚ ਤਕਨੀਕੀ ਹੇਰਾਫੇਰੀ ਕਰਕੇ ਰਾਜ ਸਤਾ ਉਤੇ ਵਾਰ-ਵਾਰ ਕਬਜਾ ਕਰਨ ਦੇ ਹੋ ਰਹੇ ਦੁੱਖਦਾਇਕ ਅਮਲਾਂ ਰਾਹੀ ਮੁਲਕ ਦੇ ਹਰ ਪਾਸੇ ਫੈਲ ਰਾਹੀ ਅਰਾਜਕਤਾ, ਜਬਰ ਜੁਲਮ, ਬੇਇਨਸਾਫੀ ਵਾਲੇ ਨਿਜਾਮ ਨੂੰ ਖਤਮ ਕਰਨ ਹਿੱਤ 31 ਜਨਵਰੀ ਨੂੰ ਦਿੱਲੀ ਵਿਖੇ ਈ.ਵੀ.ਐਮ ਮਸੀਨਾਂ ਦੀ ਹੋ ਰਹੀ ਦੁਰਵਰਤੋ ਦੇ ਵਿਰੁੱਧ ਹੋ ਰਹੇ ਇਕੱਠ ਨੂੰ ਹਰ ਪੱਖੋ ਹਮਾਇਤ ਦੇਣ ਅਤੇ ਇਸ ਗੰਧਲੀ ਚੋਣ ਪ੍ਰਣਾਲੀ ਨੂੰ ਖਤਮ ਕਰਕੇ ਸਹੀ ਮਾਇਨਿਆ ਵਿਚ 'ਹਲੀਮੀ ਰਾਜ' ਕਾਇਮ ਕਰਨ ਵਿਚ ਯੋਗਦਾਨ ਪਾਉਣ ਦੀ ਜੋਰਦਾਰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਕਾਂਗਰਸ ਦੀ ਹੋਵੇ, ਬੀ.ਜੇ.ਪੀ (ਆਰ.ਐਸ.ਐਸ) ਦੀ ਹੋਵੇ ਜਾਂ ਹੋਰਨਾਂ ਦੀ। ਮੁਲਕ ਦੀ ਪਾਰਲੀਮੈਂਟ ਵਿਚ ਪਹੁੰਚਣ ਵਾਲੇ ਅਤੇ ਇਥੋ ਦੇ ਪ੍ਰਬੰਧ ਲਈ ਨੀਤੀਆ ਘੜਨ ਵਾਲੇ ਐਮ.ਪੀਜ ਦੀ ਕੁੱਲ ਗਿਣਤੀ ਵਿਚ ਬਹੁਤਾ ਗੈਰ ਕਾਨੂੰਨੀ ਧੰਦਿਆ, ਕਾਤਲਾਂ, ਬਲਾਤਕਾਰਾਂ, ਮੁਲਕ ਦੇ ਖਜਾਨੇ ਨਾਲ ਅਰਬਾਂ ਖਰਬਾਂ ਦੇ ਧੋਖੇ ਫਰੇਬ ਕਰਨ ਵਾਲਿਆ ਦੀ ਹੀ ਬਹੁਤਾ ਪ੍ਰਬਲ ਹੁੰਦੀ ਹੈ ।ਜਨਤਾ ਦੀਆਂ ਤਕਲੀਫਾ, ਮੁਸਕਿਲਾਂ ਨਾਲ ਇਨ੍ਹਾਂ ਦਾ ਕੋਈ ਵਾਹ ਵਾਸਤਾ ਨਹੀ ਹੁੰਦਾ। ਕੇਵਲ ਮੀਡੀਏ ਅਤੇ ਬਿਜਲਈ ਮੀਡੀਏ, ਸਬਾਬ-ਕਬਾਬ ਅਤੇ ਧਨ ਦੌਲਤਾਂ ਦੇ ਭੰਡਾਰਾਂ ਦੀ ਦੁਰਵਰਤੋ ਕਰਕੇ ਅਜਿਹੇ ਸਿਆਸਤਦਾਨ ਜਾਂ ਹੁਕਮਰਾਨ ਆਪਣੀਆ ਝੂਠੀਆ ਪ੍ਰਾਪਤੀਆ ਤੇ ਕਾਮਯਾਬੀਆਂ ਦਾ ਗੁੰਮਰਾਹਕੁੰਨ ਪ੍ਰਚਾਰ ਕਰਦੇ ਹਨ ।ਇਸਦਾ ਖਾਤਮਾ ਈ.ਵੀ.ਐਮ ਚੋਣ ਪ੍ਰਣਾਲੀ ਨੂੰ ਖਤਮ ਕਰਕੇ ਅਤੇ ਬੈਲਟ ਪੇਪਰ ਵੋਟ ਪ੍ਰਣਾਲੀ ਨੂੰ ਸੁਰੂ ਕਰਕੇ ਹੀ ਕੀਤਾ ਜਾ ਸਕਦਾ ਹੈ ।ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਦੇ ਨਿੱਜੀ ਮੁਫਾਦਾਂ ਸਵਾਰਥਾਂ ਵਿਚੋ ਨਿਕਲਕੇ ਚੋਣਾਂ ਸਮੇ ਕਿਸੇ ਤਰ੍ਹਾਂ ਦੀ ਵੀ ਦੁਨਿਆਵੀ ਲਾਲਚ ਵਿਚ ਨਾ ਆ ਕੇ ਆਪਣੇ ਵੋਟ ਹੱਕ ਦੀ ਵਰਤੋ ਨਿਰਲੇਪਤਾ, ਨਿਰਪੱਖਤਾ ਨਾਲ ਉੱਚੇ ਸੁੱਚੇ ਇਖਲਾਕ ਵਾਲੀਆ ਐਮ.ਪੀਜ ਜਾਂ ਐਮ.ਐਲ.ਏ. ਦੀਆਂ ਚੋਣ ਲੜਨ ਵਾਲੀਆ ਸਖਸੀਅਤਾਂ ਨੂੰ ਦੇਣ ਲਈ ਉੱਦਮ ਕਰਨੇ ਪੈਣਗੇ ।ਚੋਣਾਂ ਸਮੇ ਇਸ ਵਿਸੇ ਉਤੇ ਹਰ ਨਾਗਰਿਕ ਨੂੰ ਆਪਣੀ ਵੋਟ ਕੀਮਤ ਨੂੰ ਸਮਝਦੇ ਹੋਏ ਬਹੁਤ ਹੀ ਸਿੱਦਤ ਤੇ ਜਿੰਮੇਵਾਰੀ ਨਾਲ ਵੋਟ ਹੱਕ ਦੀ ਵਰਤੋ ਕਰਨ ਲਈ ਉੱਦਮ ਕਰਨਾ ਪਵੇਗਾ। ਪਾਰਟੀਆਂ ਤੇ ਆਗੂਆਂ ਦੇ ਗੁਲਾਮੀ ਵਾਲੇ ਝਮੇਲੇ ਨੂੰ ਅਲਵਿਦਾ ਕਹਿਕੇ ਐਮ.ਪੀ ਜਾਂ ਐਮ.ਐਲ.ਏ. ਲੜਨ ਵਾਲੀਆ ਸਖਸੀਅਤਾਂ ਦੇ ਅਮਲੀ ਕਿਰਦਾਰ ਨੂੰ ਮੁੱਖ ਰੱਖਕੇ ਹੀ ਆਪੋ ਆਪਣੇ ਵੋਟ ਹੱਕ ਦੀ ਵਰਤੋ ਕਰਨੀ ਪਵੇਗੀ ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਮੁਲਕ ਦੇ ਸਭ ਨਿਵਾਸੀ ਉਪਰੋਕਤ ਦੋਵੇ ਵਿਸਿਆ ਤੇ ਗੰਭੀਰ ਹੋ ਕੇ 31 ਜਨਵਰੀ ਨੂੰ ਦਿੱਲੀ ਹੋਣ ਵਾਲੇ ਇਕੱਠ ਵਿਚ ਵੀ ਸਾਮਿਲ ਹੋਣਗੇ ਅਤੇ ਜਦੋ ਵੀ ਚੋਣਾਂ ਦਾ ਬਿਗੁਲ ਵੱਜੇ ਸਭ ਤਰ੍ਹਾਂ ਦੇ ਧਾਰਮਿਕ, ਜਾਤ-ਪਾਤ, ਊਚ ਨੀਚ ਪਰਿਵਾਰਿਕ ਸਵਾਰਥੀ ਸੋਚ ਤੋ ਉਪਰ ਉੱਠਕੇ ਆਪਣੇ ਵੋਟ ਹੱਕ ਦੀ ਵੀ ਵਰਤੋ ਕਰਨਗੇ ।

# ਮਹੱਲਾ ਕਲੀਨਿਕ ਦੇ ਨਾਲ ਨਾਲ ਮਹਿਤਪੁਰ ਦਾ ਮੁਢਲਾ ਸਿਹਤ ਕੇਂਦਰ ਸਾਰੀਆਂ ਸੇਵਾਵਾਂ ਰਖੇਗਾ ਪਹਿਲਾਂ ਵਾਂਗ ਜਾਰੀ

ਨਕੋਦਰ ਮਹਿਤਪੁਰ, 31 ਜਨਵਰੀ (ਹਰਜਿੰਦਰ ਪਾਲ ਛਾਬੜਾ) –ਹਮੇਸ਼ਾ ਚਰਚਾਂ ਦਾ ਵਿਸ਼ਾ ਰਿਹਾ ਮਹਿਤਪੁਰ ਦਾ ਮੁਢਲਾ ਸਿਹਤ ਕੇਂਦਰ ਹੁਣ ਮਹੱਲਾ ਕਲੀਨਿਕ ਦੀਆਂ ਸੇਵਾਵਾਂ ਵੀ ਦੇਣ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਦੇ ਇਨਚਾਰਜ ਬੀਬੀ ਰਣਜੀਤ ਕੌਰ ਪਤਨੀ ਮਰਹੂਮ ਰਤਨ ਸਿੰਘ ਕਾਕੜ ਕਲਾਂ ਨੇ ਦੱਸਿਆ ਕਿ ਇਲਾਕੇ ਦੀ ਚਿਰਾ ਤੋਂ ਮੰਗ ਸੀ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਚਲ ਰਹੀ ਪੰਜਾਬ ਸਰਕਾਰ ਆਪਣੀਆ ਗਰੰਟੀਆ ਵਿਚੋਂ ਪਬਲਿਕ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਇਕ ਮਹੱਲਾ ਕਲੀਨਿਕ ਦਵੇ ।ਉਨ੍ਹਾਂ ਕਿਹਾ ਕਿ ਲੋਕਾਂ ਦੀ ਮੰਗ ਅਤੇ ਇਲਾਕੇ ਦੀ ਤਰੱਕੀ ਲਈ ਬਹੁਤ ਜਲਦ ਮਹਿਤਪੁਰ ਸਿਹਤ ਕੇਂਦਰ ਵਿਚ ਮਹੱਲਾ ਕਲੀਨਿਕ ਆਪਣੀਆਂ ਸੇਵਾਵਾਂ ਨਾਲ ਪਬਲਿਕ ਦੀ ਸੇਵਾ ਕਰਦਾ ਨਜ਼ਰ ਆਵੇਗੀ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਇਹ ਅਫ਼ਵਾਹ ਫੈਲਾਉਣ ਦੀ ਕੋਸ਼ਸ਼ਿ ਕੀਤੀ ਜਾ ਰਹੀ ਹੈ ਕਿ ਮਹੱਲਾ ਕਲੀਨਿਕ ਬਣਨ ਨਾਲ ਮੁਢਲਾ ਸਿਹਤ ਕੇਂਦਰ ਮਹਿਤਪੁਰ ਦੀਆ ਸੇਵਾਵਾਂ ਬੰਦ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਲਈ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਕਿਸੇ ਕੀਮਤ ਤੇ ਮੁਢਲਾ ਸਿਹਤ ਕੇਂਦਰ ਮਹਿਤਪੁਰ ਦੀਆ ਸੇਵਾਵਾਂ ਬੰਦ ਨਹੀਂ ਹੋਣਗੀਆਂ ਮੁੱਢਲਾ ਸਿਹਤ ਕੇਂਦਰ ਮਹਿਤਪੁਰ ਪਹਿਲਾਂ ਨਾਲੋਂ ਵੀ ਵਧਕੇ ਸੇਵਾਵਾਂ ਦਿੰਦਾ ਰਹੇਗਾ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਢਲਾ ਸਿਹਤ ਕੇਂਦਰ ਮਹਿਤਪੁਰ ਵਿਚ ਜੱਚਾ ਬੱਚਾ, ਐਮ ਐਲ ਆਰ, ਟੈਸਟ, ਦਵਾਈਆਂ ਦੇ ਨਾਲ ਨਾਲ ਹੋਰ ਸਹੂਲਤਾਂ ਆਧੁਨਿਕ ਲੈਬੋਰਟਰੀ, ਐਕਸਰੇ, ਐਂਬੂਲੈਂਸ ਅਤੇ ਇਸ ਦੀ ਬਿਲਡਿੰਗ ਵਿਚ ਸੁਧਾਰ ਲਈ ਬਹੁਤ ਸਮਾਂ ਪਹਿਲਾਂ ਹੀ ਮਰਹੂਮ ਰਤਨ ਸਿੰਘ ਕਾਕੜ ਕਲਾਂ ਵੱਲੋਂ ਪੰਜਾਬ ਸਰਕਾਰ ਦੇ ਧਿਆਨ ਹਿਤ ਲਿਆਂਦਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੁਢਲਾ ਸਿਹਤ ਕੇਂਦਰ ਮਹਿਤਪੁਰ ਦੀਆ ਸੇਵਾਵਾਂ ਦੇ ਨਾਲ ਨਾਲ ਮਹੱਲਾ ਕਲੀਨਿਕ ਮਹਿਤਪੁਰ ਵੀ ਇਲਾਕਾ ਨਿਵਾਸੀਆਂ ਨੂੰ ਫਰੀ ਦਵਾਈਆਂ, ਮੁਫ਼ਤ ਟੈਸਟ, ਦੀਆਂ ਸੇਵਾਵਾਂ ਦੇਣ ਜਾ ਰਿਹਾ ਹੈ। ਇਨ੍ਹਾਂ ਸੇਵਾਵਾਂ ਤੇ ਪਬਲਿਕ ਦਾ ਅਧਿਕਾਰ ਬਣਦਾ ਹੈ।



# ਸੱਦਾ ਪੱਤਰ



## ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

ਦੇ ਜਨਮ ਦਿਹਾੜੇ ਨੂੰ ਸਮਰਪਿਤ

ਸਰਬ ਰੋਗ ਕਾ ਅਉਖਧ ਨਾਮ॥

# ਸਲਾਨਾ ਜੋੜ ਮੇਲ ਗੁਰਮਤਿ ਸਮਾਗਮ

ਮਿਤੀ 17, 18, 19 ਫਰਵਰੀ 2024 ਦਿਨ ਸ਼ਨੀ, ਐਤ, ਸੋਮਵਾਰ ਨੂੰ

ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਕਲੋਨੀ, **ਖਾਲਸਾ ਫਾਰਮ** ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ)

ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਗੁਰੂ ਘਰ ਦੇ ਰਾਗੀ, ਢਾਡੀ, ਕਥਾਵਾਚਕ ਅਤੇ ਕੀਰਤਨੀਏ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਗੁਰਮਤਿ ਸਮਾਗਮ

ਸ਼੍ਰੀ ਆਖੰਡ ਪਾਠ ਸਾਹਿਬ ਪ੍ਰਕਾਸ 17 ਫਰਵਰੀ 2024 ਦਿਨ ਸ਼ਨੀਵਾਰ
ਭੋਗ ਸ਼੍ਰੀ ਆਖੰਡ ਪਾਠ ਸਾਹਿਬ 19 ਫਰਵਰੀ 2024 ਸੋਮਵਾਰ

ਸੋ ਆਪ ਜੀ ਨੇ ਮਹਾਨ ਗੁਰਮਤਿ ਸਮਾਗਮ ਵਿੱਚ ਸਮੇਂ ਸਿਰ ਪਹੁੰਚ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

**ਅੰਮ੍ਰਿਤ ਸੰਚਾਰ ਸਮਾਗਮ: 19 ਫਰਵਰੀ 2024 ਦਿਨ ਸੋਮਵਾਰ ਸਵੇਰੇ 10 ਵਜੇ**

ਅੰਮ੍ਰਿਤ ਅਭਿਲਾਖੀ ਸੰਗਤਾਂ ਸਮੇਂ ਸਿਰ ਪਹੁੰਚ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਜੀ।

ਜਲੇਬੀਆਂ ਦਾ ਲੰਗਰ ਅਤੁੱਟ ਵਰਤੇਗਾ।

**ਵੱਲੋਂ . ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਖਾਲਸਾ ਫਾਰਮ, ਭੀਖੀ (ਮਾਨਸਾ)**

ਸੰਪਰਕ ਨੰਬਰ. 98141-09794, 95699-91433, 98781-59576

AKAL PRINTERS BHIKHI 98768-88083

# ਪੰਜਾਬ , ਭਾਰਤ ਦੇ ਸੈਰ ਸਪਾਟੇ ਜਾਣ ਸੰਬੰਧੀ ਪਰੇਸ਼ਾਨੀਆਂ ਤੇ ਚਰਚਾ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਅਸੀਂ ਜਦ ਪੱਛਮੀ ਦੇਸ਼ਾਂ ,ਇੰਗਲੈਂਡ ,ਯੋਰਪ,ਅਮਰੀਕਾ,ਕੈਨੇਡਾ ਇਤਆਦਿਕ ਹੋਰ ਬਾਹਰਲੇ ਮੁਲਕਾਂ ਵਿੱਚ ਆ ਵੱਸੇ ਹਾਂ ।ਪਿੱਛੇ ਆਪਣੇ ਜੱਦੀ ਮੁਲਕਾਂ ਨਾਲ ਬਹੁਤ ਸਾਰੇ ਹਾਲਤਾਂ ਅਨੁਸਾਰ ਨਾਤਾ ਤੋੜ ਚੁੱਕੇ

ਆਵਾਜ਼ਿ ਕੌਮ
AWAZE QAUM
International Newspaper & WEB TV

ਹਾਂ ।ਰੋਜ਼ਗਾਰ ਤੇ ਇਹਨਾਂ ਦੇਸ਼ਾਂ ਵਿੱਚ ਆਪਣੇ ਪਰਿਵਾਰਾਂ ਨੂੰ ਸੈਟ ਕਰਨ ਹਿਤ ਆਮ ਹੀ ਦੇਸ਼ ਵਾਸੀਆਂ ਨੇ ਬੜੇ ਸਾਲਾਂ ਤੋਂ ਭਾਰਤੀ ਨਾਗਰਿਕਤਾ ਨੂੰ ਤਲਾਂਜਲੀ ਦੇ ਦਿੱਤੀ ਹੈ । ਭਵਿੱਖ ਵਿੱਚ ਵੀ ਜ਼ਿਆਦਾ ਲੋਕ ਭਾਰਤੀ ਨਾਗਰਿਕਤਾ ਨੂੰ ਕੋਈ ਮਹਤਤਾ ਨਹੀ ਦੇ ਰਹੇ ।ਪਰ ਇਸ ਗੱਲ ਵੱਲ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ ਕਿ ਜਦ ਆਪਣੇ ਦੇਸ਼ ਦੀ ਨਾਗਰਿਕਤਾ ਹੀ ਤਿਆਗ ਦਿਤੀ ਤਾਂ ਜਨਮ ਭੂਮੀ ਦੇਸ਼ ਦੇ ਕਿਤਨੇ ਕੁ ਰਹਿ ਗਏ । ਇਹ ਗੱਲ ਸਾਡੇ ਸਾਰਿਆਂ ਤੇ ਹੀ ਲਾਗੂ ਹੁੰਦੀ ਹੈ । ਬਰਿਟਿਸ਼ ,ਯੂਰਪ, ਕੈਨੇਡਾ,ਅਮਰੀਕਾ ਆਦਿਕ ਦੇਸ਼ਾਂ ਦੀ ਨਾਗਰਿਕਤਾ ਬਦਲੇ ਵਿਚ ਲੈ ਲਈਂ । ਪਰ ਇਸ ਦਾ ਜੋ ਪਰਤੀਕਰਮ ਸਾਹਮਣੇ ਆ ਰਿਹਾ ਹੈ ਉਸ ਬਾਰੇ ਬਿਲਕੁਲ ਨਹੀਂ ਸੋਚਿਆ ।ਜਿੱਥੇ ਦੇ ਜੰਮੇ ਉੱਥੇ ਦਾ ਨਾਤਾ ਕੁਦਰਤੀ ਅਤੇ ਮਾਂ ਦੀ ਕੁੱਖ ਦੇ ਦੁੱਧ ਦਾ ਨਾਤਾ ਹੈ । ਉਹ ਵੀ ਟੁੱਟਾ ਹੋਇਆ ਕਹਿਆ ਨਹੀਂ ਜਾ ਸਕਦਾ ।ਬਦੇਸ਼ੀ ਨਾਗਰਿਕਤਾ ਅਤੇ ਜਨਮ ਖਿਤੇ ਦਾ ਅਟੱਲ ਪਿਆਰ ਬੰਦੇ ਨੂੰ (ਸਾਨੂੰ )ਦੋ ਬੇੜੀਆਂ ਵਿੱਚ , ਜੁਦੀ ਜੁਦੀ ਲੱਤ ਤੇ ਖੜ੍ਹੇ ਹੋਣ ਲਈ ਹਰ ਆਏ ਦਿਨ ਮਜਬੂਰ ਕਰ ਰਿਹਾ ਹੈ ।ਦੋ ਬੇੜੀਆਂ ਵਿੱਚ ਖੜਾ ਬੰਦਾ ਜੇਕਰ ਉਹ ਹੱਕ , ਹਕੂਕ ਦੀ ਹੱਦਬੰਦੀ ਦੀ ਪ੍ਰਵਾਹ ਕੀਤਿਆਂ ਐਵੇ ਲੱਤਾਂ ਅੰਗੜਾਈ ਜਾਵੇ ਤਾਂ ਜਿੰਦਗੀ ਦੀ ਤੋਰ ਨੂੰ ਫਿਸਲਣ ਤੋਂ ਨਹੀ ਬੱਚਾ ਸਕਦਾ ।ਇਸ ਬਾਰੇ ਹਾਲਾਤ ਤੇ ਅਕਲ ਆਪੋ ਆਪਣੀ ਹੈ , ਪਰੰਤੂ ਸਮਾਜਿਕ , ਭਾਈਚਾਰਕ ਸਿੱਟੇ ਸਾਂਝੇ ਹੀ ਹੁੰਦੇ ਹਨ । ਇਹਨਾਂ ਸਾਂਝਾਂ ਵਿੱਚ ਕਈ ਮੂਰਖਤਾ ਦੇ ਪੜਾਅ ਨੂੰ ਇਨਸਾਨ ਜਦ ਵੀ ਹੱਥ ਪਾਉਂਦਾ ਹੈ , ਤਦ ਉਹ ਦੋ ਬੇੜੀਆਂ ਦੀ ਸਵਾਰੀ ਵਿੱਚੋਂ ਪੈਦਾ ਹੋਏ ਨਤੀਜਿਆਂ ਸ਼ਕਿਾਰ ਹੁੰਦਾ ਹੈ । ਪੰਜਾਬੀ ਦੀ ਕਹਾਵਤ ਅਨੁਸਾਰ ਸੌ ਗੰਡੇ ਵੀ ਤੇ ਸੌ ਡੰਡੇ ਵੀ ਖਾਣ ਦੇ ਹਾਲਾਤ ਖੁਦ ਪੈਦਾ ਕਰ ਲੈਂਦਾ ਹੈ ।ਏਸੇ ਤਰਾਂ ਅਸੀਂ ਪੰਜਾਬੀ , ਭਾਰਤੀ ਜਦ ਦੁਨੀਆਂ ਦੇ ਬਾਕੀ ਅਮਰੀਕਾ ,ਕੈਨੇਡਾ, ਯੋਰਪ ਇਤਿਆਦਿਕ ਮੁਲਕਾਂ ਦੀ ਟੂਰਿਸਟ ਵੀਜ਼ੇ ਤੇ ਸੈਰ ਸਪਾਟੇ ਲਈ ਜਾਂਦੇ ਹਾਂ ਸਹੀ ਵਿਚਰਦੇ ਹਾਂ । ਭਾਵ ਸਾਡੀ ਸਮਝ ਬਣੀ ਸਿਆਣਪ ਰੂਚੀ ਵਾਲੀ ਹੁੰਦੀ ਹੈ ਕਿ ਅਸੀਂ ਸਿਰਫ ਸੈਲਾਨੀ ਹਾਂ । ਪਰ ਉਸੇ ਅੰਤਰਰਾਸ਼ਟਰੀ ਕਾਨੂੰਨੀ ਸਬੰਧਾਂ ਆਧਾਰ ਜਦ ਅਸੀਂ ਭਾਰਤ ਅਥਵਾ ਪੰਜਾਬ ਜਾਂਦੇ ਹਾਂ , ਤਦ ਸਾਡੀ ਰੁਚੀ ਤੇ ਆਦਤਾਂ ਵਿੱਚ ਬਹੁਤ ਬੇਹੱਦ ਫਰਕ ਹੁੰਦਾ ਹੈ । ਕਿਉਂਕਿ ਉਹ ਸਾਡੀ ਜਨਮ ਭੂਮੀ ਹੋਣ ਕਰਕੇ ਸਾਡੇ ਅੰਦਰ ਚਾਹਤ ਤੇ ਬੁਲੰਦੀ ਦੀ ਧਾਰਾ ਉਪਜਦੀ ਹੈ । ਅਸੀਂ ਭੁੱਲ ਜਾਂਦੇ ਹਾਂ ਕਿ ਉਸੇ ਚਾਹਤ ਤੇ ਬੁਲੰਦੀ ਨੂੰ ਅਸੀਂ ਤਲਾਂਜਲੀ ਦੇ ਕੇ ਬਰਿਟਿਸ਼ , ਅਮਰੀਕਾ ,ਕੈਨੇਡਾ, ਯੂਰਪ ਇਤਿਆਦਿਕ ਦੀ ਨਾਗਰਿਕਤਾ ਨੂੰ ਅਪਣਾਇਆ ਹੋਇਆ ਹੈ । ਫਿਰ ਸਾਡਾ ਆਪਣੀ ਜਨਮ ਭੂਮੀ ਜਾਂ ਮੁਢਲੇ ਦੇਸ਼ ਨਾਲ ਕੀ ਵਾਸਤਾ ਰਹਿ ਗਿਆ ਹੈ ? ਸਰਕਾਰਾਂ (ਪੰਜਾਬ ਜਾਂ ਕੇਂਦਰ) ਦਾ ਫਿਰ ਵੀ ਇਹ ਕੰਮ ਸਹੀ ਹੈ ਕਿ ਆਮ ਤੌਰ ਤੇ ਐਨ .ਆਰ .ਆਈ ਨਾਲ ਸੰਬੰਧ ਰੱਖ ਕੇ ਕੁਝ ਸੰਸਥਾਵਾਂ ਰਾਹੀ ਤਾਲਮਾਲ ਦਾ ਜੋੜ ਰੱਖਿਆ ਹੈ ।ਕਈ ਵਾਰ ਦੇਖਣ ਵਿੱਚ ਆਇਆ ਕਿ ਜੋ ਸੱਜਣ ਵੀਜ਼ੇ ਲੱਗੇ ਹੋਣ ਦੇ ਕਾਰਨ ਤੇ ਇੰਡੀਆ ਤੋ ਡੀਪੋਰਟ ਹੁੰਦੇ ਹਨ ।ਤਦ ਉਹ ਸਿੱਧੇ ਅਖ਼ਬਾਰੀ ਬਿਆਨਾਂ ਵਿੱਚ ਸੁਰਖ਼ੀਆਂ ਲਾਉਂਦੇ ਹਨ ਕਿ ਭਾਰਤ ਸਰਕਾਰ ਨੇ ਧੱਕਾ ਤੇ ਸਿਖਾਂ ਨਾਲ ਵਿਤਕਰਾ ਕੀਤਾ ਹੈ । ਪਰ ਇਹ ਸੱਜਣ ਜਦੋਂ ਕੈਨੇਡਾ ਅਮਰੀਕਾ ਵਿੱਚੋਂ ਯੂਕੇ ਨੂੰ ਡੀਪੋਰਟ ਕੀਤੇ ਜਾਂਦੇ ਹਨ , ਤਦ ਕੋਈ ਰੌਲਾ ਗੌਲਾ ਤੇ ਬਿਆਨਬਾਜ਼ੀ ਨਹੀਂ ਹੁੰਦੀ । ਜਿਸ ਤਰਾਂ ਦੀ ਵਿਚਾਰਧਾਰਾ ਤੇ ਸੰਸਥਾਵਾਂ ਵਿੱਚ ਕੰਮ ਕਰਦਿਆਂ ਅਜਿਹੇ ਹਾਲਾਤ ਸਾਡੇ ਆਪਣੇ ਹੀ ਪੈਦਾ ਕੀਤੇ ਹੁੰਦੇ ਹਨ , ਜਿਸ ਦਾ ਸਿਟਾ ਸਾਹਮਣੇ ਆਉਂਦਾ ਹੈ । ਮੈਂ ਦੋ ਵਾਰ ਇੰਡੀਆ ਤੋ ਅਤੇ ਤਿੰਨ ਵਾਰ ਕੈਨੇਡਾ ਤੋਂ ਡੀਪੋਰਟ ਹੋ ਚੁੱਕਾ ਹਾਂ । ਮੈਂ ਅਜਿਹੇ ਹਾਲਾਤਾਂ ਵਿਚ ਕੋਈ ਖ਼ਾਸ ਵਜਾ ਦੱਸ ਕੇ ਬਹੁਤੀਆਂ ਸ਼ਕਿਾਇਤਾਂ ਕਰਨ ਨੂੰ ਬੇਵਕੂਫ਼ੀ ਸਮਝਦਾ ਹਾਂ । ਸਾਰੇ ਮੁਲਕਾਂ ਦੇ ਅਜਿਹੇ ਮਾਮਲਿਆਂ ਵੀਜ਼ਾ ਤੇ ਕਾਨੂੰਨੀ ਪ੍ਰਕਿਰਿਆ ਇੱਕੋ ਜਿਹੀ ਹੀ ਹੈ । ਸਾਨੂੰ ਪਾਕਿਸਤਾਨ ਤੇ ਬਾਕੀ ਮੁਲਕਾਂ ਦੀ ਪਾਬੰਦੀ ਬਿਲਕੁਲ ਚੁਭਦੀ ਨਹੀ , ਸਿਰਫ ਇੰਡੀਆ ਵਿਰੁਧ ਖਾਹ ਮਖਾਹ ਤੱਤਾ ਬੋਲਣ ਦਾ ਸੁਭਾਅ ਪਾਲਿਆ ਹੋਇਆ ਹੈ ।ਯੁ .ਕੇ . ਦੀਆਂ ਦੋ ਸਿੱਖ ਸੰਸਥਾਵਾਂ ਦੇ ਕਾਰਕੁਨ ਕੈਨੇਡਾ , ਅਮਰੀਕਾ ਨੂੰ ਜਾਣ ਤੋਂ 2012 ਤੋ ਬੈਨ ਕੀਤੇ ਹੋਏ ਹਨ ।ਕਦੇ ਕੋਈ ਸਿੱਖ ਜਾਂ ਸੰਸਥਾ ਇਹ ਗੱਲ ਹੀ ਨਹੀਂ ਕਰਦੇ ।ਜੇਕਰ ਭਾਰਤ ਸਰਕਾਰ ਧੱਕਾ ਕਰਦੀ ਹੈ ਤਦ ਕੈਨੇਡਾ ਤੇ ਅਮਰੀਕਾ ਕਿਹੜੀ ਘੱਟ ਕਰਦੇ ਹਨ ? ਪਰ ਜੋ ਅਧਿਕਾਰ ਸਾਨੂੰ ਭਾਰਤ ਦੇ ਵੀਜ਼ੇ ਤੇ ਓ.ਸੀ.ਆਈ ਕਾਰਡ ਦੀ ਸਹੂਲਤ ਪਿਛਲੇ ਛੇ/ਸੱਤ ਸਾਲ ਤੋਂ ਆਮ ਤੌਰ ਤੇ ਮਿਲੀ ਹੋਈ ਹੈ , ਉਸ ਨੂੰ ਸਹੀ ਵਰਤਣਾ ਇੱਕ ਫਰਜ਼ ਬਣਦਾ ਹੈ ।ਅਸੀਂ ਬਰਿਟਿਸ਼ ਤੇ ਪੱਛਮੀ ਨਾਗਰਿਕਤਾ ਵਾਲਿਆਂ ਲਈ ਜ਼ਰੂਰੀ ਹੈ ਕਿ ਜਦ ਵੀਜ਼ੇ ਜਾਂ ਓ.ਸੀ.ਆਈ ਕਾਰਡ ਰਾਹੀਂ ਜਦ ਵੀ ਭਾਰਤ , ਪੰਜਾਬ ਜਾਂਦੇ ਹਾਂ , ਸਾਨੂੰ ਸੱਦਾ ਚੇਤੇ ਰੱਖਣਾ ਚਾਹੀਦਾ ਹੈ ਕਿ "ਅਸੀਂ ਉੱਥੇ ਇੱਕ ਬਦੇਸ਼ੀ ਨਾਗਰਿਕ " ਬਤੌਰ ਘੁੰਮ ਰਹੇ ਹਾਂ । ਇਸ ਮਾਮਲੇ ਤੇ ਸਰਕਾਰਾਂ ਤੇ ਤਾਂ ਸਾਡਾ ਬਹਾਨਾ ਹੀ ਹੈ , ਜੋ ਦੋਗਲਾ ਪਨ ਹੈ । ਪੰਜਾਬ ਵਿੱਚ ਸਾਡੇ ਆਪਣੇ ਹੀ ਵੱਸਣ ਵਾਲੇ ਵੱਖ ਵੱਖ ਵਿਚਾਰਾਂ ਵਾਲੇ ਲੋਕ ਹਨ । ਬਾਹਰਲਿਆਂ ਦੀਆਂ ਜਾਇਦਾਦਾਂ ਸਾਂਭਣੀਆਂ , ਕਬਜ਼ੇ ਕਰਨੇ , ਇਹ ਸਰਕਾਰਾਂ ਤਾਂ ਨਹੀਂ ਕਰਦੀਆਂ , ਉੱਥੇ ਵਸਦੇ ਤੇ ਕਈ ਆਮ ਤੌਰ ਤੇ ਸ਼ਰੀਕ -ਭਾਈਚਾਰੇ ਵਾਲੇ ਹੀ ਕਰਦੇ ਹਨ । ਉਹ ਇਸ ਕਰਕੇ ਕਰਦੇ ਹਨ , ਕਿ ਅਸੀਂ ਤੁਸੀਂ ਬਦੇਸ਼ੀ ਹਾਂ ।ਸਾਡਾ ਤੇਹ ਉਸ ਮਿੱਟੀ ਵਿੱਚ ਜੰਮਿਆਂ ਦਾ ਹੋਣ ਕਰਕੇ ਹੈ । ਇਹੀ ਕਾਰਨ ਕਿ ਜਦ ਆਪਣੇ ਘਰ,ਪਿੰਡ ਅਤੇ ਖੇਤਾਂ ਵਿੱਚ ਪੈਰ ਧਰਦੇ ਹਾਂ ਤਾਂ ਸਾਡੀ ਉਪਰੋਕਤ ਬਦੇਸ਼ੀ ਹੋਂਦ ਸਾਨੂੰ ਭੁੱਲ ਜਾਂਦੀ ਹੈ । ਅਸੀਂ ਉੱਥੇ ਗਲਗਡ ਹੋ ਕੇ ਹਰ ਮਸਲੇ ਤੇ ਹੱਕ ਵਿੱਚ ਆਪਣੀ ਹੋਂਦ ਜਿਦਾਉਂਦੇ ਹਾਂ । ਬਦੇਸ਼ੀ ਨਾਗਰਿਕ ਹੋਣ ਕਾਰਨ ਸਾਡੀ ਇਹ ਪਹਿਲੀ ਗਲਤੀ ਹੁੰਦੀ ਹੈ । ਸਾਡਾ ਸਿਰਫ ਇਤਨਾ ਕੁ ਅਧਿਕਾਰ ਹੁੰਦਾ ਹੈ ਕਿ ਸ਼ਰਾਫ਼ਤ ਪੱਲੇ ਬੰਨ ਕੇ ਲੋਕਾਂ ਨਾਲ ਚੰਗੇ ਤਰਾਂ ਵਿਚਰੀਏ ਤੇ ਵਾਪਸ ਚੱਲਦੇ ਬਣੀਏ । ਅਗਲੀ ਵੇਰ ਫਿਰ ਆਉਣ ਦਾ ਵਸੀਲਾ ਬਣਾਈ ਰਖੋ । ਭਾਵੇਂ ਅਸੀ ਉਸ ਮਿੱਟੀ ਨਾਲ ਕਿਤਨਾ ਭੀ ਪਿਆਰ ਜਤਲਾਈਏ , ਪਰ "ਬਦੇਸ਼ੀ ਨਾਗਰਿਕਤਾ" ਗ੍ਰਹਿਣ ਕਰਨ ਸਮੇਂ ਅਸੀਂ ਉਹ ਹੱਕ ਖੋਹ ਬੈਠੇ ਹਾਂ ।ਉੱਥੇ ਜਾਂ ਆਪਣੇ ਸਮਾਜ ਲਈ ਲੋਕਾਂ ਦੀ ਮਦਦ ਤਾਲੀਮ ਜਾਂ ਜਾਤੀ ਖੇਤਰ ਵਿਚ ਕੋਈ ਭੀ ਮਦਦ ਕਰੋ , ਇਹ ਤੁਹਾਡਾ ਉਸ ਮਿੱਟੀ ਨਾਲ ਦਿਲੋਂ ਪਿਆਰ ਹੈ , ਜ਼ਰੂਰ ਕਰੋ । ਚੌਧਰ ਦੇ ਖੇਤਰ ਵਿੱਚੋਂ ਗੁਰੇਜ ਕਰੋ, ਹਰ ਫੈਸਲਾ ਪਿੰਡਾਂ ਦੇ ਲੋਕਾਂ ਤੇ ਰਹਿਣ ਦਿਓ ।ਕੁਜ ਸੱਜਣ ਵੀਜ਼ੇ ਨੂੰ "ਮੁਖਧਾਰਾ" ਦੇ ਨਾਲ ਜੋੜ ਕੇ , ਕਈ ਤਰਾਂ ਦੀਆਂ ਸੁਸਾਇਟੀਆਂ ਬਣਾ ਕੇ,ਕਰੋੜਾਂ ਦੇ ਫੰਡ ਇਕੱਠੇ ਕਰਦੇ ਹਨ ।ਫਿਰ ਉਹ ਆਪਣੇ ਨਾਮ ਦੀ ਹਿਕਮਤ ਪੈਦਾ ਕਰਦੇ ਹਨ ।ਫੰਡਾਂ ਤੇ ਮਨ ਮਰਜ਼ੀ ਦਾ ਕੰਟਰੋਲ ਕਰਦੇ ਹਨ । ਪੈਸਾ ਵੀ ਹਵਾਲੇ ਰਾਹੀਂ ਵਰਤਦੇ ਲੱਗਦੇ ਹਨ । ਇੱਕ ਵੀਜ਼ਾ ਕੈਂਸਲ ਨਾਲ , ਵੱਡੀ ਸ਼ਕਿਾਇਤ ਤੇ ਪਰੋਟੈਸਟ ਸਰਕਾਰ ਵਿਰੁੱਧ ਕਰਦੇ ਹਨ । ਪਰ ਇਸ ਪੱਖੋਂ ਬਿਲਕੁਲ ਓਹਲਾ ਰੱਖਦੇ ਹਨ ਕਿ ਇਕੱਤਰ ਪੈਸੇ ਦੇ ਅੰਕੜੇ ਕੀ ਹਨ । ਪੈਸਾ ਇਕੱਠਾ ਕਾਹਦੇ ਲਈ ਕੀਤਾ ਸੀ ? ਫਿਰ ਆਪਣੀ ਮਨ ਮਰਜ਼ੀ ਕਿਓਂ ?ਮੁਖਧਾਰਾ ਇੱਥੇ ਕਿਵੇਂ ਢੁੱਕਦੀ ਹੈ ? ਬਰਿਟਿਸ਼ ਨਾਗਰਿਕ ਤੇ ਮੁਖਧਾਰਾ ਦਾ ਕਲੇਮ ਭਾਰਤ , ਪੰਜਾਬ ਵਿਚ , ਇਹ ਕਿਵੇਂ ਢੁੱਕਦਾ ਹੈ ?ਮੁਖਧਾਰਾ ਭਾਰਤੀ ਵਿਧਾਨ ਤੇ ਭਾਰਤ ਦੇ ਨਾਗਰਿਕਾਂ ਦੀ ਵਿਧਾਨਕ ਪਹਿਚਾਣ ਹੈ । ਕਿਸੇ ਵੀ ਟੂਰਿਸਟ ਲਈ ਅਜਿਹਾ ਭੁਲੇਖਾ ਗਲਤ ਹੈ । ਖਾਸ ਤੌਰ ਤੇ ਬਰਿਟਿਸ਼ ਨਾਗਰਿਕ ਦੀ ਮੁਖਧਾਰਾ ਦੀ ਪਹੁਚਾਣ ਤਾਂ ਹੁਣ ਬਰਿਟਿਸ਼ ਸਿਸਟਮ ਦੇ ਨਿਜ਼ਾਮ ਅਧੀਨ ਹੈ । ਇਹ ਸਾਰਾ ਮਾਮਲਾ ਜਦ ਅਸੀਂ ਹਮਉਮਰਾ ਵਾਲਿਆਂ ਨੇ ਦੁਰਵਰਤੋਂ ਵਿਚ ਲਿਆਂਦਾ ਤੇ ਕੀਤਾ ਹੈਚ, ਉਹੀ ਲਛਣ ਤੇ ਆਦਤਾਂ ਅਸੀਂ ਆਪਣੇ ਇੱਥੇ ਦੀ ਪੈਦਾ ਹੋਈ ਔਲਾਦ ਦੇ ਪੱਲੇ ਪਾ ਦਿੱਤੀਆਂ ਹਨ । ਇਸ ਲਈ ਸਾਨੂੰ ਖੁਦ ਨੂੰ ਸੋਚ ਕੇ ਸਹੀ ਰਾਹ ਅਪਨਾ ਕੇ ਆਪਣੀ ਨੌਜਵਾਨ ਔਲਾਦ ਨੂੰ ਸਹੀ ਦੱਸਣਾ ਚਾਹੀਦਾ ਹੈ ।ਕਿ ਭਾਰਤੀ ਵੀਜ਼ੇ ਦਾ ਮਤਲਬ ਉਸੇ ਤਰਾਂ ਦਾ ਹੈ ਜਿਵੇਂ ਪੱਛਮੀ ਦੇਸ਼ਾਂ ਅਮਰੀਕਾ, ਕੈਨੇਡਾ ਤੇ ਬਾਕੀ ਦੁਨੀਆ ਵਿੱਚ ਜਾਣ ਸਮੇਂ ਹੈ ।ਖੁਦ ਦੀ ਗਲਤੀ ਤੇ ਦੋਗਲੇ ਰੋਲ ਦਾ ਉਲਾਮਾ ਕਿਸੇ ਵੀ ਸਰਕਾਰ ਵਿਰੁੱਧ ਫਜ਼ੂਲ ਤੇ ਵਿਅਰਥ ਹੈ । ਇਹੀ ਕਾਰਨ ਹੈ ਕਿ ਕਈ ਲੋਕ ਬਦੇਸ਼ੀ ਹੁੰਦੇ ਹੋਏ ਭਾਰਤ ਜਾ ਕੇ ਆਪਣੇ ਦਾਅਵੇ ਕਰਦੇ ਹਨ । ਗਲਤ ਸਲਾਹਾਂ ਦੇ ਕਹੇ ਲੱਗ ਉੱਥੇ ਦੇ ਸਮਾਜ ਦੀ ਬਣਤਰ ਤੇ ਸਰਕਾਰੀ ਨਿਜ਼ਾਮ ਤੇ ਜਦੋ ਉਂਗਲਾਂ ਚੁੱਕਦੇ ਹਨ , ਤਦ ਟੂਰਿਸਟ ਹੱਦ ਤੋਂ ਬਾਹਰ ਹੋ ਜਾਂਦੇ ਹਨ । ਕਈ ਹਾਲਤਾਂ ਵਿੱਚ ਇਸ ਗੈਰ ਕਾਨੂੰਨੀ ਨਾਲ ਉਹ ਜਦ ਕਾਨੂੰਨੀ ਸ਼ਕਿੰਜੇ ਵਿਚ ਫਸਦੇ ਹਨ । ਬਾਹਰ ਬੈਠੇ ਲੋਕ ਉਹਨਾਂ ਦੀ ਦੇ ਮੁੱਦੇ ਬਣਾ ਕੇ , ਕਈ ਸਮਿਆਂ ਤੱਕ ਕੈਸ਼ ਵੀ ਕਰਦੇ ਹਨ । ਇਸ ਚਕਰਵਿਊ ਵਿੱਚ ਨਾ ਤਾਂ ਬੰਦੇ ਦੀ ਬੰਦ ਖ਼ਲਾਸੀ ਹੁੰਦੀ ਹੈ ।ਪਰ ਉਲਟਾ ਬਾਹਰ ਮੁਲਕਾਂ ਵਿੱਚ ਬੈਠੇ ਚੌਧਰੀਆਂ ਦਾ ਧੰਧਾ ਚੱਲਦਾ ਰਹਿੰਦਾ ਹੈ ।1984 ਦੇ ਦੁਖਾਂਤ ਤੋਂ ਬਾਅਦ ਲੋਕਾਂ ਦੇ ਹਾਲਾਤਾਂ ਨੇ ਬਹੁਤ ਸੱਟਾਂ ਖਾਧੀਆਂ ਤੇ ਬਰਬਾਦੀ ਦੇਖੀ ਹੈਚ। ਕਾਂਗਰਸ ਦਾ ਘਿਣਾਉਣਾ ਜ਼ੁਲਮ ਸੀ । ਪਰ ਉੱਥੇ ਆਪਣੇ ਆਗੂ ਅਖਵਾਉਣ ਵਾਲੇਆਂ ਨੇ ਵੀ ਤਸ਼ਦਦ ਦਾ ਹੀ ਲਾਹਾ ਲਿਆ । ਅੱਜ ਪੰਜਾਬ ਵਿੱਚ ਲੋਕਾਂ ਨੂੰ ਬਹੁਤ ਲੋੜ ਹੈ ਕਿ ਤਾਲੀਮੀ ਤੇ ਘਰੇਲੂ ਹਾਲਾਤਾਂ ਵਿੱਚ ਕੁਝ ਚੰਗਾ ਹਾਸਿਲ ਕਰ ਸਕਣ । ਬਾਹਰੇ ਵਸਦੇ ਆਗੂ ਲੋਕ ਜੋ ਦੁੱਖਾਂਤ ਦਾ ਡੰਢੋਰਾ ਤਾਂ ਜਿਆਦਾ ਪਿੱਟਦੇ ਹਨ । ਪਰ ਉਹਨਾਂ ਨੇ ਸੰਸਥਾਈ ਤੌਰ ਤੇ ਧਨ ਇਕੱਠਾ ਕਰਕੇ ਆਪਣੇ ਹੀ ਉੱਲੂ ਸਿੱਧੇ ਕੀਤੇ ਹਨ ।ਪੰਜਾਬ ਨਾ ਜਾਣ ਦਾ ਬਹਾਨਾ ਲਾ ਕੇ , ਪੰਜਾਬ ਦੇ ਲੋਕਾਂ ਨਾਲੋ ਟੁੱਟ ਕੇ ਚੌਧਰੀ ਲਾਣਾ ਬਣ ਕੇ ਕਿਸੇ ਵੀ ਮਦਦ ਕਰਨੋ ਅਸਮਰਥ ਰਾਹ ਅਪਣਾ ਚੁੱਕੇ ਹਨ । ਇਹਨਾਂ ਤੋਂ ਬਗੈਰ ਹੋਰ ਲੋਕ ਜੋ ਆਮ ਸਿਖ ਪੰਜਾਬੀ , ਪੰਜਾਬ ਦੀ ਖ਼ੁਸ਼ਹਾਲੀ ਲਈ , ਪੇਂਡੂ ਵਿਕਾਸ ਲਈ ਬਹੁਤ ਵੱਡਾ ਯੋਗਦਾਨ ਸਾਲਾਂ ਤੋਂ ਪਾ ਰਹੇ ਹਨ । ਮੈਂ ਸਮਝਦਾ ਸਭ ਤੋਂ ਜ਼ਿਆਦਾ ਪੰਜਾਬ ਨਾਲ ਸਨੇਹ ਉਹਨਾਂ ਲੋਕਾਂ ਦਾ ਹੀ ਹੈ ।ਇਹ ਲੋਕ ਵੀ ਤਾਂ ਬਦੇਸ਼ੀ ਨਾਗਰਿਕ ਹਨ , ਪਰ ਕਿਸੇ ਕਿਸਮ ਦਾ ਡਰਾਮਾ ਤੇ ਚੌਧਰ ਦਾ ਦਿਖਾਵਾ ਨਹੀਂ ਕਰਦੇ । ਇਹਨਾਂ ਦੇ ਰਸਤੇ ਵਿੱਚ ਕਦੇ ਕੋਈ ਰੁਕਾਵਟ ਨਹੀਂ ਦੇਖੀ ਗਈ । ਇਹ ਪੰਜਾਬ ਨਾਲ ਸਨੇਹ ਰੱਖਣ ਵਾਲੇ ਲੋਕਾਂ ਦਾ ਨਿਸ਼ਕਾਮ ਸੇਵਕ ਪੰਧ , ਸਿੱਧਾ ਆਪੇ ਆਪਣੇ ਪਿੰਡਾਂ ਨਾਲ ਬੱਝਾ ਹੋਇਆ ਹੈ ।ਪੇਂਡੂ ਲੋਕਾਂ ਦੀ ਮਦਦ ਕਰਕੇ ਇਹਨਾਂ ਪੁਰਾਣੇ ਸਰਕਾਰੀ ਸਕੂਲਾਂ ਦੀ ਪੱਧਰ ਨੂੰ ਮੁੜ ਤੋਂ ਸੁਰਜੀਤ ਕੀਤਾ ਹੈ । ਪਿੰਡਾਂ ਵਿੱਚ ਸੀਵਰੇਜ ਤੇ ਗਲੀਆਂ , ਸਫ਼ਾਈ ਰੱਖਣ ਵਿਚ ਚੰਗੇ ਟੈਕਨੀਕ ਢੰਗ ਵਰਤੇ ਹਨ । ਲੋਕ ਇਹਨਾਂ ਦੀ ਮਨੋ ਕਾਮਨਾ ਤੇ ਪੰਜਾਬ ਨਾਲ ਸਨੇਹ ਦੀ ਸਲਾਹੁਤ ਕਰਦੇ ਹਨ । ਸਾਡੇ ਇੱਥੇ ਆਗੂ , ਜੋ ਪੰਜਾਬ ਵਿੱਚ ਸੱਤਾ ਦੀ ਚਰਚਾ ਛੇੜ ਕੇ ਗੱਲਾਂ ਤਾਂ ਬਹੁਤ ਕਰਦੇ ਹਨ, ਕਾਸ਼ ਕਿਧਰੇ ਇਸ ਪਾਸੇ ਗੰਭੀਰ ਹੋ ਕੇ ਕੁਝ ਕਰਦੇ । ਪੰਜਾਬ ਨਾ ਜਾਣ ਦੇ ਬਹਾਨੇ , ਆਪਣੀ ਪੁਰਾਣੀ ਜਿੰਦਾਬਾਦ /ਮੁਰਦਾਬਾਦ ਦੀ ਰੱਟ ਦੁਹਰਾਈ ਜਾ ਰਹੇ ਹਨ । ਪੰਜਾਬ ਦੇ ਤੰਗੀ ਵਿੱਚ ਵਿਚਰ ਰਹੇ ਲੋਕਾਂ , ਉਚੇਚੇ ਤੌਰ ਤੇ ਸਿੱਖਾਂ ਦੇ ਹਾਲਾਤਾਂ ਨੂੰ ਨੇੜਿਓਂ ਦੇਖਣ ਦੀ ਸੋਚ ਵਿਚ ਇਹ ਸਦਾ ਹੀ ਅਸਮਰਥ ਰਹੇ ਹਨ ।



ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋ ਕਰਵਾਏ ਜਾ ਰਹੇ ਪੰਜ ਰੋਜਾ ਵਿਸਵ ਕੇਸਾਧਾਰੀ ਹਾਕੀ ਟੂਰਨਾਮੈਂਟ ਵਿੱਚ ਸਾਮਲ ਹੋਣ ਲਈ ਸਾਰਿਆ ਨੂੰ ਹਾਰਦਿਕ ਸੱਦਾ ਦਿੱਤਾ ਜਾਦਾ ਹੈ ਇਹ ਟੂਰਨਾਮੈਂਟ 1 ਫਰਵਰੀ ਤੋ ਪੰਜ ਫਰਵਰੀ ਤੱਕ ਹੋਵੇਗਾ । ਇਹ ਟੂਰਨਾਮੈਂਟ ਸੀਨੀਅਰ ਬਲਬੀਰ ਸਿੰਘ ਇੰਟਰਨੈਸ਼ਨਲ ਹਾਕੀ ਸਟੇਡੀਅਮ ਸਾਹਿਬਜਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਖੇ ਹੋਵੇਗਾ । ਬੀਤੇ ਕੱਲ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਨੇ ਵੀ ਇਸ ਨੇਕ ਕਾਰਜ ਲਈ ਆਪਣੀਆ ਸੁਭਕਾਮਨਾਵਾ ਦਿੱਤੀਆ।



ਸਿੱਖ ਯੂਥ ਪਾਵਰ ਆਫ ਪੰਜਾਬ ਪੰਜ ਮੈਬਰੀ ਕਮੇਟੀ ਵਲੋਂ ਜਨਮ ਅਸਥਾਨ ਬਾਬਾ ਦੀਪ ਸਿੰਘ ਪਹੂਵਿੰਡ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਭੰਗ ਕਰਨ ਲਈ ਅਤੇ ਉਨ੍ਹਾਂ ਉਤੇ ਬਣਦੀ ਧਾਰਮਿਕ ਕਾਰਵਾਈ ਕਰਨ ਲਈ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ









ੴ ਸਤਿਨਾਮੁ "ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ" (ਕ੍ਰਿਤ ਕਾਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ) ਦਾ ਸੰਪੂਰਨਤਾ ਸਮਾਗਮ ਗੁਰਦੁਆਰਾ ਸ੍ਰੀ ਪਿੱਪਲੀ ਸਾਹਿਬ, ਪੁਤਲੀਘਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਿਤੀ: 31 ਜਨਵਰੀ 2024 (18 ਮਾਘ, ਨਾਨਕਸ਼ਾਹੀ ਸੰਮਤ 555) ਦਿਨ ਬੱਧਵਾਰ ਨੂੰ ਸ਼ਾਮ 3:45 ਵਜੇ ਤੋਂ 5:30 ਵਜੇ ਤੱਕ ਕਰਵਾਇਆ ਗਿਆ।

# ਭਾਈ ਸਰਬਜੀਤ ਸਿੰਘ ਲਾਂਡਾ ਨੌਟਿੰਘਮ ਵਾਲਿਆ ਦੀ ਚੌਥੀ ਬਰਸੀ ਤੇ ਸ਼ਰਧਾਜਲੀ



ਨਿਰਪੱਖ ਨਿਧੜਕ ਗੁਰੂ ਦੇ ਦੱਸੇ ਮਾਰਗ ਦੇ ਪਾਂਧੀ ਸੱਚੇ ਸੁੱਚੇ ਪੱਥਕ ਸੇਵਾਦਾਰ ਸਿੱਖ ਹੱਕਾ ਦੇ ਪਹਿਰੇਦਾਰ ਭਾਈ ਸਰਬਜੀਤ ਸਿੰਘ ਲਾਂਡਾ ਜੋ 4 ਸਾਲ ਪਹਿਲਾ ਅੱਜ ਦੇ ਦਿਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਹਨਾ ਦੀ ਸਲਾਨਾ ਬਰਸੀ ਤੇ ਯਾਦ ਕਰਦਿਆ ਉਹਨਾ ਵੱਲੋ ਨਿਰਸੁਆਰਥ ਪੰਥਕ ਸੇਵਾਵਾ ਨੂੰ ਕੋਟਿਨ ਕੋਟਿ ਪ੍ਣਾਮ ਕਰਦਿਆ ਆਕਾਲ ਪੁਰਖ ਦੇ ਚਰਨਾ ਵਿੱਚ ਅਰਦਾਸ ਕਰਦੇ ਹਾਂ ਸਾਡੇ ਭਰਾ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਸਾਨੂੰ ਉਹਨਾ ਵੱਲੋ ਪਾਏ ਪੂਰਨਿਆ ਤੇ ਚੱਲਣ ਦਾ ਬਲ ਬਖਸ਼ਣ।

ਵੱਲੋਂ: ਰਘਬੀਰ ਸਿੰਘ ਮਾਲੜੀ

ਆਵਾਜ਼ਿ ਕੌਮ
AWAZE QAUM
International Newspaper & WEB TV